**ਨਗਰ ਨਿਗਮ, ਬਠਿੰਡਾ।**

**ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 25.01.2024 ਨੂੰ ਸਵੇਰੇ 11.00 ਵਜੇ**

ਅੱਜ ਮਿਤੀ 25.01.2024 ਨੂੰ ਸਵੇਰੇ 11.00 ਵਜੇ ਸ੍ਰੀ ਅਸ਼ੋਕ ਕੁਮਾਰ, ਕਾਰਜਕਾਰੀ ਮੇਅਰ-ਕਮ-ਸੀਨੀਅਰ ਡਿਪਟੀ ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਅਮਨਦੀਪ ਕੋਰ | 1 | ਕੌਂਸਲਰ |
| 2 | ਸੁਖਦੀਪ ਸਿੰਘ ਢਿੱਲੋਂ | 2 | ਕੌਂਸਲਰ |
| 3 | ਬਲਜੀਤ ਕੋਰ | 3 | ਕੌਂਸਲਰ |
| 4 | ਸੁਖਦੇਵ ਸਿੰਘ | 4 | ਕੌਂਸਲਰ |
| 5 | ਸੋਨੀਆ | 5 | ਕੌਂਸਲਰ |
| 6 | ਬੇਅੰਤ ਸਿੰਘ ਰੰਧਾਵਾ | 6 | ਕੌਂਸਲਰ |
| 7 | ਹਰਪਾਲ ਸਿੰਘ ਢਿੱਲੋਂ | 8 | ਕੌਂਸਲਰ |
| 8 | ਗੁਰਿੰਦਰ ਕੋਰ | 11 | ਕੌਂਸਲਰ |
| 9 | ਵਿਵੇਕ ਗਰਗ | 14 | ਕੌਂਸਲਰ |
| 10 | ਮਨਜੀਤ ਕੋਰ | 15 | ਕੌਂਸਲਰ |
| 11 | ਬਲਰਾਜ ਸਿੰਘ | 16 | ਕੌਂਸਲਰ |
| 12 | ਿਸਮਰਨ | 17 | ਕੌਂਸਲਰ |
| 13 | ਵਿਕਰਮ ਕ੍ਰਾਂਤੀ | 18 | ਕੌਂਸਲਰ |
| 14 | ਸ਼ੀਲਾ ਰਾਣੀ | 19 | ਕੌਂਸਲਰ |
| 15 | ਮੱਖਣ ਸਿੰਘ | 20 | ਕੌਂਸਲਰ |
| 16 | ਸੰਤੋਸ਼ ਕੁਮਾਰੀ ਮਹੰਤ | 21 | ਕੌਂਸਲਰ |
| 17 | ਸੁਰੇਸ਼ ਚੋਹਾਨ | 22 | ਕੌਂਸਲਰ |
| 18 | ਕਿਰਨ ਰਾਣੀ | 23 | ਕੌਂਸਲਰ |
| 19 | ਕਮਲਜੀਤ ਕੋਰ | 25 | ਕੌਂਸਲਰ |
| 20 | ਉਸ਼ਾ ਗੋਇਲ | 27 | ਕੌਂਸਲਰ |
| 21 | ਹਰਮੰਦਰ ਸਿੰਘ | 28 | ਡਿਪਟੀ ਮੇਅਰ |
| 22 | ਰੀਨਾ ਗੁਪਤਾ | 29 | ਕੌਂਸਲਰ |
| 23 | ਬਲਜਿੰਦਰ ਸਿੰਘ | 30 | ਕੌਂਸਲਰ |
| 24 | ਪ੍ਰਵੀਨ ਗਰਗ | 31 | ਕੌਂਸਲਰ |
| 25 | ਉਮੇਸ਼ ਗਰਗ | 32 | ਕੌਂਸਲਰ |
| 26 | ਿਹਾ | 33 | ਕੌਂਸਲਰ |
| 27 | ਜਸਵੀਰ ਸਿੰਘ | 34 | ਕੌਂਸਲਰ |
| 28 | ਹਰਵਿੰਦਰ ਸਿੰਘ | 36 | ਕੌਂਸਲਰ |
| 29 | ਪੁਸ਼ਪਾ ਰਾਣੀ | 39 | ਕੌਂਸਲਰ |
| 30 | ਆਤਮਾ ਸਿੰਘ | 40 | ਕੌਂਸਲਰ |
| 31 | ਕੁਲਵਿੰਦਰ ਕੋਰ | 41 | ਕੌਂਸਲਰ |
| 32 | ਰਤਨ ਰਾਹੀ | 46 | ਕੌਂਸਲਰ |
| 33 | ਿਮਤਾ | 47 | ਕੌਂਸਲਰ |
| 34 | ਕਮਲੇਸ਼ ਮਹਿਰਾ | 49 | ਕੌਂਸਲਰ |
| 35 | ਮਲਕੀਤ ਸਿੰਘ ਗਿੱਲ | 50 | ਕੌਂਸਲਰ |

ਮੀਟਿੰਗ ਵਿੱਚ ਸੱਭ ਤੋਂ ਪਹਿਲਾਂ ਕਾਰਜਕਾਰੀ ਮੇਅਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਸ਼੍ਰੀ ਮਦਨ ਲਾਲ ਪਾਸ਼ੀ, ਸਾਬਕਾ ਮਿਉਂਸਪਲ ਕੌਂਸਲਰ, ਦੇ ਅਕਾਲ ਚਲਾਣਾ ਕਰ ਜਾਣ ਦੇ ਨਮਿਤ ਸ਼ੋਕ ਮਤਾ ਪਾਉਣ ਦੀ ਮੰਗ ਕੀਤੀ ਅਤੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਦੋ ਮਿਨਟ ਦਾ ਮੌਨ ਧਾਰਨ ਕਰਨ ਦੀ ਬੇਨਤੀ ਕੀਤੀ।

**ਮਤਾ ਨੰਬਰ 258:** **ਹਾਊਸ ਵੱਲੋਂ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਦੋ ਮਿਨਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ।**
**ਇਸ ਉਪਰੰਤ ਮੀਟਿੰਗ 15 ਮਿਨਟ ਦੇ ਸਮੇਂ ਲਈ ਮੁਲਤਵੀ ਕੀਤੀ ਗਈ।**

**ਕਾਰਜਕਾਰੀ ਮੇਅਰ**
**-ਕਮ-ਸੀਨੀਅਰ ਡਿਪਟੀ ਮੇਅਰ**
**ਨਗਰ ਨਿਗਮ, ਬਠਿੰਡਾ।**

## ਨਗਰ ਨਿਗਮ, ਬਠਿੰਡਾ।

## ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 25.01.2024 ਨੂੰ ਸਵੇਰੇ 11.15 ਵਜੇ

ਅੱਜ ਮਿਤੀ 25.01.2024 ਨੂੰ ਸਵੇਰੇ 11.00 ਵਜੇ ਸ੍ਰੀ ਅਸ਼ੋਕ ਕੁਮਾਰ, ਕਾਰਜਕਾਰੀ ਮੇਅਰ-ਕਮ-ਸੀਨੀਅਰ ਡਿਪਟੀ ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਅਮਨਦੀਪ ਕੋਰ | 1 | ਕੌਂਸਲਰ |
| 2 | ਸੁਖਦੀਪ ਸਿੰਘ ਢਿੱਲੋਂ | 2 | ਕੌਂਸਲਰ |
| 3 | ਬਲਜੀਤ ਕੋਰ | 3 | ਕੌਂਸਲਰ |
| 4 | ਸੁਖਦੇਵ ਸਿੰਘ | 4 | ਕੌਂਸਲਰ |
| 5 | ਸੋਨੀਆ | 5 | ਕੌਂਸਲਰ |
| 6 | ਬੇਅੰਤ ਸਿੰਘ ਰੰਧਾਵਾ | 6 | ਕੌਂਸਲਰ |
| 7 | ਹਰਪਾਲ ਸਿੰਘ ਢਿੱਲੋਂ | 8 | ਕੌਂਸਲਰ |
| 8 | ਗੁਰਿੰਦਰ ਕੋਰ | 11 | ਕੌਂਸਲਰ |
| 9 | ਵਿਵੇਕ ਗਰਗ | 14 | ਕੌਂਸਲਰ |
| 10 | ਮਨਜੀਤ ਕੋਰ | 15 | ਕੌਂਸਲਰ |
| 11 | ਬਲਰਾਜ ਸਿੰਘ | 16 | ਕੌਂਸਲਰ |
| 12 | ਇਸਮਰਨ | 17 | ਕੌਂਸਲਰ |
| 13 | ਵਿਕਰਮ ਕ੍ਰਾਂਤੀ | 18 | ਕੌਂਸਲਰ |
| 14 | ਸ਼ੀਲਾ ਰਾਣੀ | 19 | ਕੌਂਸਲਰ |
| 15 | ਮੱਖਣ ਸਿੰਘ | 20 | ਕੌਂਸਲਰ |
| 16 | ਸੰਤੋਸ਼ ਕੁਮਾਰੀ ਮਹੰਤ | 21 | ਕੌਂਸਲਰ |
| 17 | ਸੁਰੇਸ਼ ਚੋਹਾਨ | 22 | ਕੌਂਸਲਰ |
| 18 | ਕਿਰਨ ਰਾਣੀ | 23 | ਕੌਂਸਲਰ |
| 19 | ਕਮਲਜੀਤ ਕੋਰ | 25 | ਕੌਂਸਲਰ |
| 20 | ਉਸ਼ਾ ਗੋਇਲ | 27 | ਕੌਂਸਲਰ |
| 21 | ਹਰਮੰਦਰ ਸਿੰਘ | 28 | ਡਿਪਟੀ ਮੇਅਰ |
| 22 | ਰੀਨਾ ਗੁਪਤਾ | 29 | ਕੌਂਸਲਰ |
| 23 | ਬਲਜਿੰਦਰ ਸਿੰਘ | 30 | ਕੌਂਸਲਰ |
| 24 | ਪ੍ਰਵੀਨ ਗਰਗ | 31 | ਕੌਂਸਲਰ |
| 25 | ਉਮੇਸ਼ ਗਰਗ | 32 | ਕੌਂਸਲਰ |
| 26 | ੰਹਾ | 33 | ਕੌਂਸਲਰ |
| 27 | ਜਸਵੀਰ ਸਿੰਘ | 34 | ਕੌਂਸਲਰ |
| 28 | ਹਰਵਿੰਦਰ ਸਿੰਘ | 36 | ਕੌਂਸਲਰ |
| 29 | ਪੁਸ਼ਪਾ ਰਾਣੀ | 39 | ਕੌਂਸਲਰ |
| 30 | ਆਤਮਾ ਸਿੰਘ | 40 | ਕੌਂਸਲਰ |
| 31 | ਕੁਲਵਿੰਦਰ ਕੋਰ | 41 | ਕੌਂਸਲਰ |
| 32 | ਰਤਨ ਰਾਹੀ | 46 | ਕੌਂਸਲਰ |
| 33 | ਮਿਤਾ | 47 | ਕੌਂਸਲਰ |
| 34 | ਕਮਲੇਸ਼ ਮਹਿਰਾ | 49 | ਕੌਂਸਲਰ |
| 35 | ਮਲਕੀਤ ਸਿੰਘ ਗਿੱਲ | 50 | ਕੌਂਸਲਰ |

ਮੀਟਿੰਗ ਵਿੱਚ ਸ੍ਰੀ ਬਲਰਾਜ ਸਿੰਘ ਪੱਕਾ, ਮਿਊਂਸਪਲ ਕੌਂਸਲਰ, ਵਾਰਡ ਨੰਬਰ 16 ਨੇ ਕਿਹਾ ਕਿ ਪਿਛਲੀ ਹਾਊਸ ਦੀ ਮੀਟਿੰਗ ਵਿੱਚ ਮਿਊਂਸਪਲ ਕੌਂਸਲ ਸਾਹਿਬਾਨਾਂ ਵੱਲੋਂ ਉਠਾਏ ਗਏ ਮੁੱਦਿਆਂ ਸਬੰਧੀ ਸਕੱਤਰ, ਨਗਰ ਨਿਗਮ ਬਠਿੰਡਾ ਨੂੰ ਨੋਡਲ ਅਫਸ਼ਰ ਲਗਾਇਆ ਗਿਆ ਸੀ ਅਤੇ ਅਗਲੀ ਹਾਊਸ ਦੀ ਮੀਟਿੰਗ ਦੋਰਾਨ ਜੇਕਰ ਕੋਈ ਕਾਰਵਾਈ ਹਾਊਸ ਵੱਲੋਂ ਕੀਤੀ ਜਾਣੀ ਸੀ, ਤਾਂ ਰਿਪੋਰਟ ਪੇਸ਼ ਕਰਨੀ ਸੀ। ਪਰੰਤੂ ਨੋਡਲ ਅਫਸਰ ਵੱਲੋਂ ਅਜੇ ਤੱਕ ਇਸ ਸਬੰਧੀ ਨਾ ਤਾਂ ਕਿਸੇ ਵੀ ਕੌਂਸਲਰ ਨੂੰ ਬੁਲਾਇਆ ਗਿਆ ਹੈ ਅਤੇ ਨਾ ਹੀ ਕੋਈ ਮੀਟਿੰਗ ਕੀਤੀ ਗਈ ਹੈ। ਇਸ ਸਬੰਧੀ ਨੋਡਲ ਅਫਸਰ ਵੱਲੋਂ ਕੋਈ ਮੁੱਦਾ ਵੀ ਅੱਜ ਦੀ ਮੀਟਿੰਗ ਵਿੱਚ ਪੇਸ਼ ਨਹੀਂ ਕੀਤਾ ਗਿਆ। ਸ੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਕਿਹਾ ਕਿ ਨੋਡਲ ਅਫਸਰ ਦੀ ਤੈਨਾਤੀ ਇਸ ਕਾਰਨ ਕੀਤੀ ਗਈ ਸੀ ਤਾਂ ਜੋ ਹਾਊਸ ਦੀ ਮੀਟਿੰਗ ਹੋਣ ਤੋਂ ਪਹਿਲਾਂ ਕੌਂਸਲਰ ਸਾਹਿਬਾਨਾਂ ਨੂੰ ਆ ਰਹੀਆਂ ਮੁਸ਼ਕਿਲਾਂ ਦਾ ਹੱਲ ਕੀਤਾ ਜਾ ਸਕੇ ਅਤੇ ਹਾਊਸ ਵਿਖੇ ਕੋਈ ਮਸਲਾ ਪੇਸ਼ ਨਾ ਆਵੇ। ਉਹਨਾਂ ਹਾਊਸ ਦੀ ਮੀਟਿੰਗ ਹੋਣ ਤੋਂ ਇੱਕ ਹਫਤਾ ਬਾਅਦ ਹੀ ਕੌਂਸਲਰ ਸਾਹਿਬਾਨਾਂ ਨਾਲ ਮੀਟਿੰਗ ਕਰਨ ਦੀ ਮੰਗ ਕੀਤੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਇਸ ਸਬੰਧੀ

ਭੱਵਿਖ ਵਿੱਚ Proper Action Taken Report ਤਿਆਰ ਕਰਕੇ ਹਾਊਸ ਦੀ ਹੋਣ ਵਾਲੀ ਮੀਟਿੰਗ ਤੋਂ ਇੱਕ ਹਫਤਾ ਪਹਿਲਾਂ ਮੇਅਰ ਆਫਿਸ ਵਿੱਚ ਭੇਜ ਦਿੱਤੀ ਜਾਵੇਗੀ।

ਸ਼੍ਰੀਮਤੀ ਬਲਜੀਤ ਕੋਰ, ਕੌਂਸਲਰ, ਵਾਰਡ ਨੰਬਰ 3 ਨੇ ਦਸਿਆ ਕਿ ਹਜ਼ੂਰਾ ਕਪੂਰਾ ਕਲੋਨੀ ਅਤੇ ਵਾਰਡ ਦੀਆਂ ਹੋਰ ਗਲੀਆਂ ਵਿੱਚ ਸੀਵਰੇਜ਼ ਦੀ ਬਹੁਤ ਜਿਆਦਾ ਸਮੱਸਿਆ ਹੈ। ਆਏ ਦਿਨ ਸੀਵਰੇਜ਼ ਬਲੌਕ ਹੋਣ ਅਤੇ ਓਵਰਫਲੋ ਹੋਣ ਨਾਲ ਲੋਕਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਜਲਦ ਤੋਂ ਜਲਦ ਇਸ ਸਮੱਸਿਆ ਦਾ ਹੱਲ ਕਰਨ ਦੀ ਮੰਗ ਕੀਤੀ। ਇਸਤੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਹਾਊਸ ਵਿੱਚ ਮੋਜੂਦ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਜਲਦ ਤੋਂ ਜਲਦ ਸਮੱਸਿਆ ਦਾ ਹੱਲ ਕੀਤਾ ਜਾਵੇ।

ਸ੍ਰ: ਬੇਅੰਤ ਸਿੰਘ ਰੰਧਾਵਾ, ਕੌਂਸਲਰ ਵਾਰਡ ਨੰਬਰ 6 ਨੇ ਦਸਿਆ ਕਿ ਛਾਬੜਾ ਹੋਟਲ ਵਲੋਂ ਸੀਵਰੇਜ਼ ਦਾ ਕਮਰਸ਼ੀਅਲ ਕੁਨੈਕਸ਼ਨ ਨਾ ਲੈਣ ਅਤੇ ਇਸ ਕਾਰਨ ਹਰ ਸਮੇਂ ਸੀਵਰ ਦੇ ਜਾਮ ਰਹਿਣ ਕਾਰਨ ਆਮ ਪਬਲਿਕ ਨੂੰ ਬਹੁਤ ਜਿਆਦਾ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਇਸ ਹੋਟਲ ਦਾ ਕੁਨੈਕਸ਼ਨ ਕੱਟਣ ਦੀ ਮੰਗ ਕੀਤੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਜਲਦ ਹੀ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਸ੍ਰ: ਬੇਅੰਤ ਸਿੰਘ ਰੰਧਾਵਾ, ਕੌਂਸਲਰ ਨੇ ਦਸਿਆ ਕਿ ਗੁਰੂ ਗੋਬਿੰਦ ਸਿੰਘ ਨਗਰ ਦੀ ਗਲੀ ਨੰਬਰ 10,11 ਅਤੇ 12 ਵਿੱਚ ਸੀਵਰ ਦੀ ਬਹੁਤ ਜਿਆਦਾ ਸਮੱਸਿਆ ਆ ਰਹੀ ਹੈ। ਉਹਨਾਂ ਜਲਦ ਤੋਂ ਜਲਦ ਉਕਤ ਸਮੱਸਿਆ ਦਾ ਹੱਲ ਕਰਨ ਦੀ ਮੰਗ ਕੀਤੀ। ਇਸਤੇ ਹਾਊਸ ਵਿੱਚ ਮੋਜੂਦ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਜਲਦ ਤੋਂ ਜਲਦ ਸਮੱਸਿਆ ਦਾ ਹੱਲ ਕਰਨ ਦੀ ਹਦਾਇਤ ਕੀਤੀ ਗਈ।

ਸ੍ਰ: ਬੇਅੰਤ ਸਿੰਘ ਰੰਧਾਵਾ, ਕੌਂਸਲਰ, ਵਾਰਡ ਨੰਬਰ 6 ਨੇ ਕਿਹਾ ਕਿ ਕਮਲਾ ਨਹਿਰੂ ਕਲੋਨੀ ਵਿਖੇ ਵੀ ਬਰਸਾਤੀ ਪਾਣੀ ਖੜ੍ਹਨ ਕਾਰਨ ਕਲੋਨੀ ਵਾਸੀਆਂ ਦਾ ਬਹੁਤ ਹੀ ਬੁਰਾ ਹਾਲ ਹੁੰਦਾ ਹੈ। ਇਸ ਨਾਲ ਇੱਥੇ ਪ੍ਰਾਪਰਟੀਆਂ ਦੀਆਂ ਕੀਮਤਾਂ ਵੀ ਸ਼ਹਿਰ ਦੇ ਦੂਸਰੇ ਇਲਾਕਿਆਂ ਨਾਲੋ ਘੱਟ ਹਨ। ਇਸ ਲਈ ਇਸ ਕਲੋਨੀ ਵਿਖੇ ਵੀ ਪਾਣੀ ਦੀ ਨਿਕਾਸੀ ਸਬੰਧੀ ਕੋਈ ਪੱਕਾ ਹੱਲ ਕੀਤਾ ਜਾਵੇ।

ਸ਼: ਬੇਅੰਤ ਸਿੰਘ ਰੰਧਾਵਾ, ਕੌਂਸਲਰ ਵਾਰਡ ਨੰਬਰ 6 ਨੇ ਦਸਿਆ ਕਿ ਬੱਲਾ ਰਾਮ ਨਗਰ ਮੇਨ ਰੋਡ ਅਤੇ ਇੱਥੇ ਦੁਕਾਨਾਂ ਦਾ ਕੂੜ੍ਹਾ ਚੁੱਕਣ ਲਈ ਕੋਈ ਟਿੱਪਰ ਨਹੀਂ ਲਗਾਇਆ ਗਿਆ। ਉਹਨਾਂ ਮੰਗ ਕੀਤੀ ਕਿ ਉਕਤ ਏਰੀਏ ਵਿੱਚੋਂ ਕੂੜ੍ਹਾ ਚੁੱਕਣ ਖਾਤਰ ਕੋਈ ਟਿੱਪਰ ਲਗਾਇਆ ਜਾਵੇ। ਇਸਤੇ ਚੀਫ ਸੈਨਟਰੀ ਇੰਸਪੈਕਟਰ, ਨਗਰ ਨਿਗਮ ਬਠਿੰਡਾ ਨੂੰ ਹਦਾਇਤ ਕੀਤੀ ਗਈ ਕਿ ਉਕਤ ਏਰੀਏ ਵਿੱਚ ਟਿੱਪਰ ਲਗਾਇਆ ਜਾਵੇ।

ਸ਼੍ਰੀਮਤੀ ਰੀਨਾ ਗੁਪਤਾ, ਕੌਂਸਲਰ, ਵਾਰਡ ਨੰਬਰ 29 ਨੇ ਕਿਹਾ ਕਿ ਉਹ ਸੀਵਰੇਜ਼ ਬੰਦ ਹੋਣ ਦੀ ਸਮੱਸਿਆ ਨੂੰ ਲੈ ਕੇ ਪਿਛਲੇ ਤਿੰਨ ਹਫਤਿਆਂ ਤੋਂ ਪਰੇਸ਼ਾਨ ਹਨ। ਉਹਨਾਂ ਕਿਹਾ ਕਿ ਤ੍ਰਿਵੇਣੀ ਕੰਪਨੀ ਦੇ ਕਰਮਚਾਰੀਆਂ ਵੱਲੋਂ ਕੰਮ ਨਾ ਕਰਨ ਕਾਰਨ ਬਦਨਾਮੀ ਸਹਿਣ ਕਰਨੀ ਪੈ ਰਹੀ ਹੈ। ਉਹਨਾਂ ਜਲਦ ਤੋਂ ਜਲਦ ਸਮੱਸਿਆ ਦਾ ਹੱਲ ਕਰਨ ਦੀ ਮੰਗ ਕੀਤੀ ਅਤੇ ਕਿਹਾ ਕਿ ਜੇਕਰ ਸਮੱਸਿਆ ਦਾ ਹੱਲ ਨਾ ਕੀਤਾ ਗਿਆ ਤਾਂ ਵਾਰਡ ਦੇ ਵਸਨੀਕਾਂ ਵੱਲੋਂ ਧਰਨਾ ਲਾਇਆ ਜਾਵੇਗਾ। ਇਸਤੇ ਹਾਊਸ ਵਿੱਚ ਮੋਜੂਦ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਜਲਦ ਤੋਂ ਜਲਦ ਸਮੱਸਿਆ ਦਾ ਹੱਲ ਕਰਨ ਦੀ ਹਦਾਇਤ ਕੀਤੀ ਗਈ।

ਸ੍ਰ: ਹਰਪਾਲ ਸਿੰਘ ਢਿੱਲੋਂ, ਕੌਂਸਲਰ ਵਾਰਡ ਨੰਬਰ 8 ਨੇ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਢਿੱਲੋਂ ਪੈਲੇਸ ਦੇ ਪਿੱਛੇ ਰੋਡ ਜਾਲੀਆਂ ਦੀ ਸਫਾਈ ਦਾ ਬਹੁਤ ਜਿਆਦਾ ਮੰਦਾ ਹਾਲ ਹੈ। ਇਸਤੇ ਉਹਨਾਂ ਨੂੰ ਦਸਿਆ ਗਿਆ ਕਿ ਅੱਜ ਦੀ ਮੀਟਿੰਗ ਵਿੱਚ ਰੋਡ ਜਾਲੀਆਂ ਸਾਫ ਕਰਨ ਦਾ ਤਖਮੀਨਾ ਲਗਾਇਆ ਗਿਆ ਹੈ। ਪਾਸ ਹੋਣ ਉਪਰੰਤ ਜਲਦ ਹੀ ਕੰਮ ਕਰਵਾ ਦਿੱਤਾ ਜਾਵੇਗਾ। ਸ੍ਰ: ਹਰਪਾਲ ਸਿੰਘ ਕੌਂਸਲਰ ਨੇ ਜੁਝਾਰ ਸਿੰਘ ਨਗਰ ਵਿਖੇ ਸੜ੍ਹਕਾਂ ਦੀਆਂ ਸਾਈਡਾਂ ਤੇ ਇੰਟਰਲਾਕਿੰਗ ਟਾਇਲਾਂ ਲਗਾਉਣ ਦੀ ਮੰਗ ਕੀਤੀ।

ਸ਼੍ਰੀਮਤੀ ਅਮਨਦੀਪ ਕੋਰ, ਕੌਂਸਲਰ, ਵਾਰਡ ਨੰਬਰ 1 ਨੇ ਦਸਿਆ ਕਿ ਆਦਰਸ਼ ਨਗਰ ਅਤੇ ਗੁਰੂ ਨਾਨਕ ਨਗਰ ਵਿਖੇ ਸੀਵਰ ਦੀ ਬਹੁਤ ਜਿਆਦਾ ਸਮੱਸਿਆ ਹੋਣ ਕਾਰਨ ਲੋਕਾਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਜਲਦ ਹੀ ਰਾਇਜ਼ਿੰਗ ਮੇਨ ਦੇ ਚਾਲੂ ਹੋਣ ਨਾਲ ਸਮੱਸਿਆ ਦਾ ਹੱਲ ਹੋ ਜਾਵੇਗਾ।

ਸ੍ਰ: ਬਲਰਾਜ ਸਿੰਘ ਪੱਕਾ, ਕੌਂਸਲਰ ਵਾਰਡ ਨੰਬਰ 16 ਨੇ ਕਿਹਾ ਕਿ ਸਿਲਵਰ ਸਿਟੀ ਕਲੋਨੀ ਵਿਖੇ ਪਾਏ ਸੀਵਰ ਦੇ ਬੰਦ ਹੋਣ ਕਾਰਨ ਗੁਰਦੁਆਰਾ ਸਾਹਿਬ ਦੇ ਨਾਲ ਲਗਦੀਆਂ ਗਲੀਆਂ ਵਿੱਚ ਗੰਦਾ ਪਾਣੀ ਭਰ ਗਿਆ ਹੈ। ਇਹ ਸੀਵਰੇਜ਼ ਪਿਛਲੇ ਪੰਜ ਸਾਲ ਤੋਂ ਸਾਫ ਨਹੀਂ ਕੀਤਾ ਗਿਆ। ਤ੍ਰਿਵੇਣੀ ਕੰਪਨੀ ਦੇ ਨੁਮਾਇੰਦਿਆਂ ਨੂੰ ਵਾਰ-ਵਾਰ ਕਹਿਣ ਦੇ ਬਾਵਜੂਦ ਵੀ ਸਮੱਸਿਆ ਦਾ ਹੱਲ ਨਹੀਂ ਕੀਤਾ ਜਾ ਰਿਹਾ। ਇਸਤੋਂ ਇਲਾਵਾ ਹਰਬੰਸ ਨਗਰ, ਗਲੀ ਨੰਬਰ 4 ਦਾ ਵੀ ਸੀਵਰੇਜ਼ ਦੇ ਬੰਦ ਹੋਣ ਕਾਰਨ ਬੁਰਾ ਹਾਲ ਹੈ। ਉਨ੍ਹਾਂ ਦਸਿਆ ਕਿ ਉਹ ਵਾਰਡ ਨੰਬਰ 16 ਦੇ ਕੌਂਸਲਰ ਹੋਣ ਦੇ ਨਾਲ-ਨਾਲ ਵਾਰਡ ਨੰਬਰ 1 ਤੋਂ 25 ਤੱਕ ਦੇ ਬਲਾਕ ਪ੍ਰਧਾਨ ਵੀ ਹਨ। ਉਹਨਾਂ ਕਿਹਾ ਕਿ ਸ਼੍ਰੀਮਤੀ ਗੁਰਦੇਵ ਕੋਰ ਸਿੰਦਾ, ਕੌਂਸਲਰ ਵਾਰਡ ਨੰਬਰ 13 ਦੇ ਵਾਰਡ ਪਾਣੀ ਦੀ ਪਾਈਪ ਲੀਕ ਹੈ। ਇਸ ਸਬੰਧੀ ਪਬਲਿਕ ਹੈਲਥ ਅਤੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ/ ਕਰਮਚਾਰੀਆਂ ਨਾਲ ਗੱਲਬਾਤ ਵੀ ਕੀਤੀ ਗਈ। ਪਰੰਤੂ ਉਹਨਾਂ ਵੱਲੋਂ ਇਹ ਕਿਹਾ ਜਾਂਦਾ ਹੈ ਕਿ ਇਹ ਏਰੀਆ ਉਹਨਾਂ ਦੇ ਮਹਿਕਮੇ ਨਾਲ ਸਬੰਧਤ ਨਹੀਂ ਹੈ। ਇਸ ਲਈ ਕੰਮ ਨਾ ਹੋਣ ਕਾਰਨ ਲੋਕਾਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸਤੇ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਦੀ ਡਿਊਟੀ ਲਗਾਉਂਦੇ ਹੋਏ ਜਲਦ ਤੋਂ ਜਲਦ ਸਮੱਸਿਆ ਦਾ ਹੱਲ ਕਰਨ ਲਈ ਕਿਹਾ ਗਿਆ।

ਸ੍ਰ: ਬਲਰਾਜ ਸਿੰਘ ਪੱਕਾ, ਕੌਂਸਲਰ ਨੇ ਕਿਹਾ ਕਿ ਮਾਨਸਾ ਰੋਡ ਤੇ ਆਈ.ਟੀ.ਆਈ. ਪੁੱਲ ਦੇ ਕੋਲ ਬਣੇ ਫੁੱਟਪਾਥ ਨੂੰ ਉੱਚਾ ਚੁੱਕਿਆ ਜਾਵੇ ਤਾਂ ਜੋ ਇਸ ਜਗ੍ਹਾ ਹੋਣ ਵਾਲੇ ਐਕਸੀਡੈਂਟਾਂ ਤੋਂ ਬਚਿਆ ਜਾ ਸਕੇ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਡੀ-ਮਾਰਟ ਅਤੇ ਸਿਵਲ ਹਸਪਤਾਲ ਪਾਸ ਹੋ ਰਹੇ ਐਕਸੀਡੈਂਟ ਤੋਂ ਆਉਂਦੀ ਸਮੱਸਿਆ ਦੇ ਹੱਲ ਲਈ ਡਿਪਟੀ ਕਮਿਸ਼ਨਰ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ ਹੈ, ਜਿਸ ਵਿੱਚ ਵਿਧਾਇਕ ਬਠਿੰਡਾ ਸ਼ਹਿਰੀ, ਟ੍ਰੈਫਿਕ ਪੁਲਿਸ ਅਤੇ ਪੀ.ਡਬਲਿਊ.ਡੀ. ਦੇ ਅਧਿਕਾਰੀ ਹਾਜ਼ਰ ਹੋਏ ਸਨ। ਇਸ ਸਬੰਧੀ Proper plan ਬਣ ਚੁੱਕਾ ਹੈ। ਜਲਦ ਹੀ ਸਮੱਸਿਆ ਦਾ ਹੱਲ ਕਰ ਦਿੱਤਾ ਜਾਵੇਗਾ। ਇਸਤੇ ਸ੍ਰ: ਬਲਰਾਜ ਸਿੰਘ ਪੱਕਾ, ਕੌਂਸਲਰ ਨੇ ਮੰਗ ਕੀਤੀ ਕਿ ਜੋ ਛੋਟੇ-ਛੋਟੇ ਟੋਟੇ ਹਨ, ਉਹਨਾਂ ਨੂੰ ਨਗਰ ਨਿਗਮ ਵੱਲੋਂ ਆਪਣੇ ਪੱਧਰ ਤੇ ਠੀਕ ਕਰਵਾ ਦਿੱਤਾ ਜਾਵੇ।

ਸ੍ਰ: ਬਲਰਾਜ ਸਿੰਘ ਪੱਕਾ, ਕੌਂਸਲਰ ਨੇ ਕਿਹਾ ਕਿ ਡਬਵਾਲੀ ਰੋਡ ਤੇ ਏਮਜ਼ ਹਸਪਤਾਲ ਦੇ ਬਣਨ ਕਾਰਨ ਇਸ ਸੜ੍ਹਕ ਤੇ ਟ੍ਰੈਫਿਕ ਬਹੁਤ ਜਿਆਦਾ ਵੱਧ ਗਿਆ ਹੈ। ਉਹਨਾਂ ਇਸ ਸੜ੍ਹਕ ਤੇ ਬਣੇ ਡਿਵਾਇਡਰ ਦੇ ਟੁੱਟਣ ਬਾਰੇ ਦਸਦੇ ਹੋਏ ਇਸਨੂੰ ਰਿਪੇਅਰ ਕਰਨ ਦੀ ਮੰਗ ਕੀਤੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਇਹ ਸੜ੍ਹਕ ਨੈਸ਼ਨਲ ਹਾਈਵੇ ਹੈ। ਨਗਰ ਨਿਗਮ ਵੱਲੋਂ ਇਸ ਸੜ੍ਹਕ ਤੇ ਸਿਰਫ ਸਟਰੀਟ ਲਾਈਟ ਸਬੰਧੀ ਕੰਮ ਹੀ ਕੀਤੇ ਜਾਂਦੇ ਹਨ। ਉਹਨਾਂ ਦਸਿਆ ਕਿ ਇਸ ਸੜ੍ਹਕ ਤੇ ਲੁੱਕ ਵੀ ਪੈਣ ਵਾਲੀ ਹੈ ਅਤੇ ਇਸ ਸੜ੍ਹਕ ਦਾ ਓਵਰਲੇ ਪਲਾਨ ਤਿਆਰ ਹੋ ਚੁੱਕਾ ਹੈ। ਜਲਦ ਹੀ ਸਮੱਸਿਆ ਦਾ ਹੱਲ ਹੋ ਜਾਵੇਗਾ।

ਸ੍ਰ: ਬਲਰਾਜ ਸਿੰਘ ਪੱਕਾ, ਕੌਂਸਲਰ ਨੇ ਮੰਗ ਕੀਤੀ ਕਿ ਨਗਰ ਨਿਗਮ ਵੱਲੋਂ ਕੌਂਸਲਰ ਸਾਹਿਬਾਨ ਦੇ ਵਹੀਕਲਜ਼ ਲਈ ਸਟੀਕਰ ਜਾਰੀ ਕੀਤੇ ਜਾਣ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਇਸ ਸਬੰਧੀ ਪਹਿਲਾਂ ਹੀ ਆਰਡਰ ਦਿੱਤਾ ਜਾ ਚੁੱਕਾ ਹੈ।

ਸ੍ਰ: ਬੇਅੰਤ ਸਿੰਘ ਰੰਧਾਵਾ, ਕੌਂਸਲਰ ਨੇ ਕਿਹਾ ਕਿ ਨਗਰ ਨਿਗਮ ਵਿਖੇ ਸਾਰੇ ਸ਼ਹਿਰ ਲਈ ਸਿਰਫ ਦੋ ਜੂਨੀਅਰ ਇੰਜੀਨੀਅਰ ਹੀ ਕੰਮ ਕਰ ਰਹੇ ਹਨ। ਉਹਨਾਂ 5 ਹੋਰ ਜੂਨੀਅਰ ਇੰਜੀਨੀਅਰ ਲਗਾਉਣ ਦੀ ਮੰਗ ਕੀਤੀ। ਉਹਨਾਂ ਇਹ ਵੀ ਕਿਹਾ ਕਿ ਨਗਰ ਨਿਗਮ ਵਿਖੇ ਲੋੜੀਂਦੀ ਮਸ਼ੀਨਰੀ ਦੀ ਕਮੀ ਨੂੰ ਪੂਰਾ ਕੀਤਾ ਜਾਵੇ ਤਾਂ ਜੋ ਸ਼ਹਿਰ ਦਾ ਵਿਕਾਸ ਕਰਨ ਵਿੱਚ ਕੋਈ ਕਸਰ ਨਾ ਰਹੇ। ਕਮਿਸ਼ਨਰ ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਸਰਕਾਰ ਵਲੋਂ ਤਿੰਨ ਨਵੇਂ ਡਰਾਫਟਸਮੈਨ ਨਗਰ ਨਿਗਮ ਵਿਖੇ ਭੇਜੇ ਗਏ ਹਨ, ਜਿੰਨ੍ਹਾਂ ਪਾਸੋਂ ਜੂਨੀਅਰ ਇੰਜੀਨੀਅਰ ਦਾ ਕੰਮ ਲੈ ਲਿਆ ਜਾਵੇਗਾ। ਇਸਤੋਂ ਇਲਾਵਾ ਲੋੜੀਂਦੀ ਮਸ਼ੀਨਰੀ ਦੀ ਕਮੀ ਪੂਰੀ ਕਰਨ ਖਾਤਰ ਲੋੜੀਂਦੀ ਕਾਰਵਾਈ ਕਰਨ ਦੀ ਹਦਾਇਤ ਕੀਤੀ ਗਈ।

ਸ੍ਰ: ਬਲਰਾਜ ਸਿੰਘ ਪੱਕਾ, ਕੌਂਸਲਰ ਵਾਰਡ ਨੰਬਰ 16 ਨੇ ਕਿਹਾ ਕਿ ਇਸ ਸਮੇਂ ਨਗਰ ਨਿਗਮ ਵਿਖੇ ਆਊਟਸੋਰਸ ਤੇ ਕੰਮ ਕਰ ਰਹੇ ਡਾਟਾ ਐਂਟਰੀ ਆਪਰੇਟਰ-ਕਮ-ਕਲੱਰਕਾਂ ਦੀ ਤਨਖਾਹ ਡੀ.ਸੀ. ਰੇਟਾਂ ਦੇ ਆਧਾਰ ਤੇ ਦਿੱਤੀ ਜਾ ਰਹੀ ਹੈ। ਮਹਿੰਗਾਈ ਦਿਨ ਬ ਦਿਨ ਬਹੁਤ ਜਿਆਦਾ ਵੱਧ ਰਹੀ ਹੈ। ਇਸ ਤਨਖਾਹ ਨਾਲ ਇੰਨ੍ਹਾਂ ਦਾ ਗੁਜ਼ਾਰਾ ਨਹੀਂ ਹੋ ਸਕਦਾ। ਨਗਰ ਨਿਗਮ ਵਿਖੇ ਇੰਨ੍ਹਾਂ ਵੱਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਨੂੰ ਦੇਖਦੇ ਹੋਏ ਯੋਗ ਹੋਵੇਗਾ ਕਿ ਨਗਰ ਨਿਗਮ ਵੱਲੋਂ ਆਪਣੇ ਪੱਧਰ ਤੇ ਤਜ਼ਰਬੇ ਦੇ ਆਧਾਰ ਤੇ ਇਹਨਾਂ ਨੂੰ 5000/- ਰੁਪਏ ਪ੍ਰਤੀ ਮਾਹ ਤੱਕ ਦਾ ਮਿਹਨਤਾਨਾ ਹੋਰ ਦਿੱਤਾ ਜਾਵੇ। ਇਸ ਲਈ ਯੋਗ ਹੋਵੇਗਾ ਕਿ ਹਾਊਸ ਵੱਲੋਂ ਸਲਾਨਾ ਇਨਕਰੀਮੈਂਟ ਦੇਣ ਖਾਤਰ Recommendation ਭੇਜ ਦਿੱਤੀ ਜਾਵੇ। ਇਸਤੇ ਸਮੁੱਚੇ ਹਾਊਸ ਵੱਲੋਂ ਸਹਿਮਤੀ ਜਤਾਈ ਗਈ।

ਸ੍ਰ: ਹਰਪਾਲ ਸਿੰਘ ਢਿੱਲੋਂ, ਕੌਂਸਲਰ ਨੇ ਕਿਹਾ ਕਿ ਨਗਰ ਨਿਗਮ ਵਲੋਂ ਸ਼ਹਿਰ ਵਿੱਚ ਹਾਊਸ ਵਾਇਜ਼ ਸਰਵੈ ਕਰਵਾਇਆ ਜਾ ਰਿਹਾ ਹੈ, ਜਿਸ ਬਾਰੇ ਕਿਸੇ ਵੀ ਕੌਂਸਲਰ ਨੂੰ ਕੁੱਝ ਨਹੀਂ ਦਸਿਆ ਗਿਆ। ਉਹਨਾਂ ਇਸ ਬਾਰੇ ਸਮੂਹ ਕੌਂਸਲਰ ਸਾਹਿਬਾਨ ਨੂੰ ਜਾਣਕਾਰੀ ਭੇਜਣ ਦੀ ਮੰਗ ਕੀਤੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਪਹਿਲਾਂ ਸਾਲ 2013-14 ਵਿੱਚ ਉਕਤ ਸਰਵੈ ਕਰਵਾਇਆ ਗਿਆ ਸੀ। ਇਹ ਸਾਲ ਦੱਸ ਸਾਲ ਬਾਅਦ ਹੋਣਾ ਚਾਹੀਦਾ ਹੈ। ਹੁਣ ਮੁੜ ਤੋਂ ਜੀ.ਆਈ.ਐਸ. ਸਰਵੈ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਡਰੋਨ ਰਾਹੀਂ ਸਰਵੈ ਕਰਵਾਉਣਾ ਵੀ ਸ਼ਾਮਲ ਹੈ। ਕਈ ਰਿਹਾਇਸ਼ੀ ਘਰਾਂ ਵੱਲੋਂ ਆਪਣੇ ਘਰਾਂ ਦੀ ਥਾਂ ਤੇ ਕਮਰਸ਼ੀਅਲ ਉਸਾਰੀਆਂ ਕਰ ਲਈਆਂ ਹਨ, ਜਦਕਿ ਪ੍ਰਾਪਰਟੀ ਟੈਕਸ ਰਿਹਾਇਸ਼ ਦੇ ਹਿਸਾਬ ਨਾਲ ਹੀ ਭਰਿਆ ਜਾ ਰਿਹਾ ਹੈ। ਇਸ ਸਰਵੈ ਦੌਰਾਨ ਅਜਿਹੀਆਂ ਪ੍ਰਾਪਰਟੀਆਂ ਬਾਰੇ ਵੀ ਪਤਾ ਲਗੇਗ ਅਤੇ ਇਹ ਵੀ ਪਤਾ ਲਗੇਗਾ ਕਿ ਵਾਟਰ ਸਪਲਾਈ ਅਤੇ ਸੀਵਰੇਜ਼ ਦਾ ਕੁਨੈਕਸ਼ਨ ਰੈਗੂਲਰ ਚੱਲ ਰਿਹਾ ਹੈ ਜਾਂ ਨਹੀਂ। ਉਹਨਾਂ ਕਿਹਾ ਕਿ ਸਰਵੈ ਸਬੰਧੀ ਜ਼ੋਨ ਵਾਇਜ਼ ਦੀ ਥਾਂ ਵਾਰਡ ਵਾਇਜ਼ ਸ਼ਡਿਊਲ ਤਿਆਰ ਕਰਕੇ ਸਮੂਹ ਕੌਂਸਲਰ ਸਾਹਿਬਾਨ ਪਾਸ ਭੇਜ ਦਿੱਤਾ ਜਾਵੇਗਾ।

ਸ੍ਰ: ਜਸਵੀਰ ਸਿੰਘ ਜੱਸਾ, ਕੌਂਸਲਰ ਵਾਰਡ ਨੰਬਰ 34 ਨੇ ਦਸਿਆ ਕਿ ਹਾਊਸ ਵੱਲੋਂ ਪਹਿਲਾਂ ਪਾਸ ਕੀਤੇ ਜਾ ਚੁੱਕੇ ਤਖਮੀਨਿਆਂ ਵਿੱਚ ਕਲਕਤਾ ਗਲੀ ਵਿਖੇ ਕੰਮ ਕਰਵਾਉਣ ਦਾ ਤਖਮੀਨਾ ਵੀ ਪਾਸ ਹੈ। ਉਹਨਾਂ ਜਲਦ ਤੋਂ ਜਲਦ ਇਸ ਗਲੀ ਵਿੱਚ ਕੰਮ ਕਰਵਾਉਣ ਦੀ ਮੰਗ ਕੀਤੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਜਲਦ ਹੀ ਕੰਮ ਸ਼ੁਰੂ ਕਰਵਾ ਦਿੱਤਾ ਜਾਵੇਗਾ।ਸ੍ਰ: ਜਸਵੀਰ ਸਿੰਘ ਜੱਸਾ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਦੋ ਮੇਨਹੋਲ ਬਣਨ ਵਾਲੇ ਰਹਿੰਦੇ ਹਨ। ਇਸਤੋਂ ਇਲਾਵਾ ਉਹਨਾਂ ਵੱਲੋਂ ਮੇਨਹੋਲ ਸਾਫ ਕਰਵਾਉਣ ਦੀ ਮੰਗ ਕੀਤੀ ਗਈ। ਉਹਨਾਂ ਇਹ ਵੀ ਕਿਹਾ ਕਿ ਮਾਨ ਪੈਟਰੋਲ ਪੰਪ ਦੇ ਸਾਹਮਣੇ ਵਾਲੀ ਗਲੀ ਵਿੱਚ ਵਾਟਰ ਸਪਲਾਈ ਦੀਆਂ ਪਾਈਪਾਂ ਪੈਣ ਵਾਲੀਆਂ ਹਨ, ਜਲਦ ਤੋਂ ਜਲਦ ਪਾਈਆਂ ਜਾਣ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਇਸ ਸਬੰਧੀ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵੱਲੋਂ ਟੈਂਡਰ ਲਗਾਇਆ ਜਾ ਚੁੱਕਾ ਹੈ। ਇਸਤੋਂ ਇਲਾਵਾ ਜਲਦ ਹੀ ਕਲਕਤਾ ਗਲੀ ਦਾ ਕੰਮ ਵੀ ਸ਼ੁਰੂ ਕਰਵਾ ਦਿੱਤਾ ਜਾਵੇਗਾ। ਸ੍ਰ: ਜਸਵੀਰ ਸਿੰਘ ਜੱਸਾ, ਕੌਂਸਲਰ ਨੇ ਪੁੱਛਿਆ ਕਿ ਜੇਕਰ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਜਾਂ ਤ੍ਰਿਵੇਣੀ ਕੰਪਨੀ ਵੱਲੋਂ ਸ਼ਿਕਾਇਤ ਦਾ ਹੱਲ ਨਹੀਂ ਕੀਤਾ ਜਾਂਦਾ

ਤਾਂ ਉਹਨਾਂ ਦੇ ਖਾਤੇ ਵਿੱਚੋਂ ਪੈਸੇ ਕੱਟੇ ਜਾਂਦੇ ਹਨ ਜਾਂ ਨਹੀਂ ਤਾਂ ਨਿਗਮ ਇੰਜੀਨੀਅਰ, ਨਗਰ ਨਿਗਮ ਬਠਿੰਡਾ ਨੇ ਦਸਿਆ ਕਿ ਇਸ ਸਬੰਧੀ ਬਣਦੀ ਕਟੌਤੀ ਕਰਨ ਉਪਰੰਤ ਹੀ ਅਦਾਇਗੀ ਕੀਤੀ ਜਾ ਰਹੀ ਹੈ।

ਸ੍ਰ: ਆਤਮਾ ਸਿੰਘ, ਕੌਂਸਲਰ ਵਾਰਡ ਨੰਬਰ 40 ਨੇ ਕਿਹਾ ਕਿ ਸ਼ਹਿਰ ਵਿੱਚ ਹੱਡਾ ਰੋੜੀ ਨਾ ਹੋਣ ਕਾਰਨ ਨਗਰ ਨਿਗਮ ਵੱਲੋਂ ਉਹਨਾਂ ਦੇ ਵਾਰਡ ਵਿਖੇ ਖਾਲੀ ਪਏ ਪਲਾਟਾਂ ਵਿੱਚ ਮਰੇ ਹੋਏ ਪਸ਼ੂਆਂ ਨੂੰ ਦੱਬਿਆ ਗਿਆ ਹੈ। ਉਹਨਾਂ ਮੰਗ ਕੀਤੀ ਕਿ ਜਲਦ ਤੋਂ ਜਲਦ ਸ਼ਹਿਰ ਵਿੱਚ ਹੱਡਾ ਰੋੜੀ ਬਣਾਈ ਜਾਵੇ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਨਵੇਂ ਵੈਸਟ ਮੈਨੇਜ਼ਮੈਂਟ ਰੂਲਜ਼ ਮੁਤਾਬਿਕ ਸ਼ਹਿਰ ਵਿੱਚ ਕਿਤੇ ਵੀ ਓਪਨ ਹੱਡਾ ਰੋੜੀ ਨਹੀਂ ਬਣਾਈ ਜਾ ਸਕਦੀ। ਉਹਨਾਂ ਦਸਿਆ ਕਿ ਇਸ ਸਬੰਧੀ ਡਿਸਟ੍ਰਿਕਟ ਲੇਵਲ ਤੇ ਪ੍ਰਪੋਜ਼ਲ ਬਣਾਈ ਗਈ ਹੈ, ਜਿਸ ਅਨੁਸਾਰ Proper ਤਰੀਕੇ ਨਾਲ ਇਹਨਾਂ ਮਰੇ ਹੋਏ ਪਸ਼ੂਆਂ ਨੂੰ Scientific ਢੰਗ Dispose off ਕੀਤਾ ਜਾਵੇਗਾ। ਇਸ ਸਬੰਧੀ ਡਿਪਟੀ ਕਮਿਸ਼ਨਰ, ਬਠਿੰਡਾ ਜੀ ਵੱਲੋਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਨੁਮਾਇੰਦਿਆਂ ਨਾਲ ਮੀਟਿੰਗ ਕਰਕੇ ਕਿਸੇ ਪੰਚਾਇਤੀ ਜਗ੍ਹਾ ਤੇ Carcus Plant ਲਗਾਉਣ ਸਬੰਧੀ ਤਜਵੀਜ ਤਿਆਰ ਕੀਤੀ ਗਈ ਹੈ। ਇਸ ਸਬੰਧੀ 2-3 ਸਾਈਟਸ ਵੀ identify ਕੀਤੀਆਂ ਜਾ ਚੁੱਕੀਆਂ ਹਨ। ਸਰਕਾਰ ਵੱਲੋਂ ਇਸ ਸਬੰਧੀ ਬਣਦੀ ਕਾਰਵਾਈ ਕੀਤੀ ਜਾ ਰਹੀ ਹੈ।

ਸ਼੍ਰੀ ਸੁਰੇਸ਼ ਚੌਹਾਣ, ਕੌਂਸਲਰ, ਵਾਰਡ ਨੰਬਰ 22 ਨੇ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਪਿਛਲੇ ਕਾਫੀ ਲੰਬੇ ਸਮੇਂ ਤੋਂ ਆਰ.ਓ ਨਹੀਂ ਚੱਲ ਰਿਹਾ। ਉਹਨਾਂ ਇਸ ਆਰ.ਓ ਨੂੰ ਬੰਦ ਕਰਨ ਅਤੇ ਇਸਦੀ ਥਾਂ ਤੇ ਪਾਰਕ ਬਨਾਉਣ ਦੀ ਮੰਗ ਕੀਤੀ। ਉਹਨਾਂ ਇਹ ਵੀ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਬਣੇ ਸਲਾਟਰ ਹਾਊਸ ਦੀ ਦੁਰਦਸ਼ਾ ਬਹੁਤ ਮਾੜੀ ਹੈ। ਸੀਵਰੇਜ਼ ਦੇ ਭਰਨ ਕਾਰਨ ਸਲਾਟਰ ਹਾਊਸ ਦੇ ਨਾਲ ਲਗਦੀਆਂ ਸਾਰੀਆਂ ਗਲੀਆਂ ਵਿੱਚ ਗੰਦਾ ਪਾਣੀ ਭਰਨ ਕਾਰਨ ਲੋਕਾਂ ਨੂੰ ਬਹੁਤ ਜਿਆਦਾ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਇਸ ਸਲਾਟਰ ਹਾਊਸ਼ ਨੂੰ ਇਲਾਕੇ ਤੋਂ ਬਾਹਰ ਬਨਾਉਣ ਦੀ ਮੰਗ ਕੀਤੀ। ਉਹਨਾਂ ਦਸਿਆ ਕਿ ਸ਼ਹਿਰ ਵਿੱਚ ਬਣੇ ਪੁੱਲਾਂ ਦੇ ਨਾਮ ਜਿਵੇਂ ਕਿ ਮੁਲਤਾਨੀਆ ਪੁੱਲ, ਨੰਨੀ ਛਾਂ ਆਦਿ ਰੱਖੇ ਹੋਏ ਹਨ। ਉਹਨਾਂ ਦਸਿਆ ਕਿ ਸੰਜੇ ਨਗਰ ਪਟਿਆਲਾ ਫਾਟਕ ਤੇ ਪੁੱਲ ਬਣਨ ਤੋਂ ਪਹਿਲਾ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਦਕਰ ਜੀ ਦੇ ਨਾਮ ਦਾ ਚੌਂਕ ਬਣਾਇਆ ਗਿਆ ਸੀ। ਉਹਨਾਂ ਮੰਗ ਕੀਤੀ ਕਿ ਉਕਤ ਪੁੱਲ ਦਾ ਨਾਮ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਦਕਰ ਜੀ ਦੇ ਨਾਮ ਤੇ ਰੱਖਿਆ ਜਾਵੇ। ਇਸਤੇ ਹਾਊਸ ਵਿੱਚ ਮੌਜੂਦ ਸਮੂਹ ਕੌਂਸਲਰ ਸਾਹਿਬਾਨ ਵੱਲੋਂ ਮੇਜ਼ਾਂ ਥਪਥਪਾ ਕੇ ਇਸ ਗੱਲ ਦਾ ਸਵਾਗਤ ਕੀਤਾ। ਸ਼੍ਰੀ ਸੁਰੇਸ਼ ਚੌਹਾਣ, ਕੌਂਸਲਰ ਨੇ ਦਸਿਆ ਕਿ ਸੰਜੇ ਨਗਰ ਤੋਂ ਹੁੰਦੇ ਹੋਏ ਉਧਮ ਸਿੰਘ ਨਗਰ ਵਾਲੀ ਸੜ੍ਹਕ ਡਬਵਾਲੀ ਰੋਡ ਮੇਨ ਸੜ੍ਹਕ ਨਾਲ ਜੁੜਦੀ ਹੈ। ਉਹਨਾਂ ਮੌਕਾ ਵੇਖ ਕੇ ਸੰਜੇ ਨਗਰ ਤੋਂ ਸਿੱਧੀ ਡਬਵਾਲੀ ਰੋਡ ਮੇਨ ਸੜ੍ਹਕ ਨਾਲ ਜੋੜ੍ਹਨ ਖਾਤਰ ਸੜ੍ਹਕ ਬਨਾਉਣ ਦੀ ਮੰਗ ਕੀਤੀ। ਇਸਤੇ ਕਿਹਾ ਗਿਆ ਕਿ ਜਲਦ ਹੀ ਮੌਕਾ ਵੇਖ ਕੇ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਸ਼੍ਰੀ ਹਰਵਿੰਦਰ ਸਿੰਘ, ਕੌਂਸਲਰ ਵਾਰਡ ਨੰਬਰ 36 ਨੇ ਕਿਹਾ ਕਿ ਪਰਸ ਰਾਮ ਨਗਰ ਦਾ ਪੁੱਲ ਉਤਰਦੇ ਹੀ ਸੜ੍ਹਕ ਤੇ ਦੋ ਬੈਂਕ ਅਤੇ ਨਗਰ ਨਿਗਮ ਦੀ ਸਿੰਗਲ ਵਿੰਡੋ ਖੁੱਲੀ ਹੋਈ ਹੈ। ਇਸ ਜਗ੍ਹਾ ਰੋਜ਼ਾਨਾ ਸੈਂਕੜਿਆਂ ਦੀ ਗਿਣਤੀ ਵਿੱਚ ਵਹੀਕਲਜ਼ ਖੜਦੇ ਹਨ। ਇਸ ਸੜ੍ਹਕ ਤੋਂ ਰੋਜ਼ਾਨਾ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਗੁਜ਼ਰਦੇ ਹਨ। ਇਸਤੋਂ ਇਲਾਵਾ ਵਿਧਾਇਕ ਬਠਿੰਡਾ ਸ਼ਹਿਰੀ ਜੀ ਦੀ ਰਿਹਾਇਸ਼ ਅਤੇ ਸ਼੍ਰੀ ਰਤਨ ਰਾਹੀ, ਕੌਂਸਲਰ ਦਾ ਵਾਰਡ ਵੀ ਇਸ ਸੜ੍ਹਕ ਦੇ ਨਾਲ ਲਗਦਾ ਹੈ। ਪਰੰਤੂ ਇਸ ਸੜ੍ਹਕ ਤੇ ਪੁੱਲ ਉਤਰਦੇ ਹੀ ਫਰੂਟ ਅਤੇ ਸਬਜ਼ੀਆਂ ਵੇਚਣ ਵਾਲਿਆਂ ਵੱਲੋਂ ਆਪਣੀਆਂ ਰੇਹੜੀਆਂ ਲਗਾਉਣ ਕਾਰਨ ਆਏ ਦਿਨ ਇੱਥੇ ਐਕਸੀਡੈਂਟ ਹੁੰਦੇ ਰਹਿੰਦੇ ਹਨ। ਉਹਨਾਂ ਦਸਿਆ ਕਿ ਮਈ 2023 ਵਿੱਚ ਜੋਤੀ ਨਾਮ ਦੀ ਲੜਕੀ ਅਤੇ ਦਿਨੇਸ਼ ਕੁਮਾਰ ਨਾਮ ਦੇ ਲੜਕੇ ਦੀ ਮੌਤ ਵੀ ਐਕਸੀਡੈਂਟ ਹੋਣ ਕਾਰਨ ਇਸੇ ਸੜ੍ਹਕ ਤੇ ਹੋਈ ਸੀ। ਉਹਨਾਂ ਮੰਗ ਕੀਤੀ ਕਿ ਇਸ ਸੜ੍ਹਕ ਤੇ ਟ੍ਰੈਫਿਕ ਨੂੰ ਦੇਖਦੇ ਹੋਏ ਰੇਹੜੀਆਂ ਵਾਲਿਆਂ ਨੂੰ ਨਾ ਉਜਾੜ੍ਹ ਕੇ ਇਹਨਾਂ ਨੂੰ ਕਿਸੇ ਹੋਰ ਜਗ੍ਹਾ ਸ਼ਿਫਟ ਕੀਤਾ ਜਾਵੇ। ਉਹਨਾਂ ਇਹ ਵੀ ਦਸਿਆ ਕਿ ਵਾਰਡ ਨੰਬਰ 48 ਵਿੱਚ ਲੱਗੇ ਦੋ ਆਰ.ਓ ਤੇ ਮੁਲਾਜ਼ਮ ਰੋਜ਼ਾਨਾ ਅੱਧਾ ਘੰਟਾ ਪਹਿਲਾਂ ਹੀ ਬੰਦ ਕਰਕੇ ਚਲੇ ਜਾਂਦੇ ਹਨ। ਇਸ ਸਬੰਧੀ ਆਰ.ਓ. ਪੂਰਾ ਸਮਾਂ ਖੁੱਲਣ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਜਾਣ। ਇਸਤੋਂ ਇਲਾਵਾ ਆਰ.ਓ. ਤੇ ਸਫਾਈ ਦਾ ਪ੍ਰਬੰਧ ਵੀ ਕਰਵਾਇਆ ਜਾਵੇ। ਉਹਨਾਂ ਇਹ ਵੀ ਮੰਗ ਕੀਤੀ ਕਿ ਸ਼ਹਿਰ ਵਿੱਚ ਗਾਰਬੇਜ਼ ਦੇ ਬਿੱਲ ਵੱਡੀ ਜਾਂ ਛੋਟੀ ਦੁਕਾਨ ਨੂੰ ਇਕੋ ਜਿਹੇ ਹਨ। ਇਹਨਾਂ ਪਾਸੋਂ ਸਾਇਜ਼ ਦੇ ਹਿਸਾਬ ਨਾਲ ਗਾਰਬੇਜ਼ ਸਬੰਧੀ ਬਣਦਾ ਬਿੱਲ ਲਿਆ ਜਾਵੇ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਹਾਊਸ ਵੱਲੋਂ ਪਾਸ ਕੀਤੇ ਗਏ ਮਤੇ ਮੁਤਾਬਿਕ ਪਹਿਲਾਂ ਹੀ ਸਾਇਜ਼ ਦੇ ਹਿਸਾਬ ਨਾਲ ਕੂੜ੍ਹੇ ਦਾ ਬਿੱਲ ਲਿਆ ਜਾ ਰਿਹਾ ਹੈ।

ਸ੍ਰ: ਹਰਵਿੰਦਰ ਸਿੰਘ, ਕੌਂਸਲਰ ਨੇ ਕਿਹਾ ਕਿ ਨਹਿਰ ਵਿੱਚ ਪਸ਼ੂਆਂ ਦੇ ਡਿਗਣ ਸਬੰਧੀ ਕਈ ਹਾਦਸੇ ਹੁੰਦੇ ਰਹਿੰਦੇ ਹਨ। ਇਸ ਨਹਿਰ ਦੇ ਨਾਲ-ਨਾਲ ਉਹਨਾਂ ਦਾ, ਸ਼੍ਰੀਮਤੀ ਕਮਲੇਸ਼ ਮਹਿਰਾ, ਸ਼੍ਰੀ ਰਤਨ ਰਾਹੀ ਅਤੇ ਸ਼੍ਰੀਮਤੀ ਮਮਤਾ ਕੌਂਸਲਰਜ਼ ਦਾ ਵਾਰਡ ਵੀ ਲਗਦਾ ਹੈ। ਆਏ ਦਿਨ ਸਾਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਯੋਗ ਹੋਵੇਗਾ ਕਿ ਇਸ ਨਹਿਰ ਵਿੱਚ ਉਤਰਨ ਅਤੇ ਚੜ੍ਹਨ ਖਾਤਰ ਪੌੜ੍ਹੀਆਂ ਦਾ ਪ੍ਰਬੰਧ ਕੀਤਾ ਜਾਵੇ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਇਸ ਸਬੰਧੀ ਡਿਪਟੀ ਕਮਿਸ਼ਨਰ, ਬਠਿੰਡਾ ਜੀ ਵੱਲੋਂ Irrigation ਮਹਿਕਮੇ ਨਾਲ ਮੀਟਿੰਗ ਕਰਕੇ ਸਮੱਸਿਆ ਦਾ ਹੱਲ ਕੀਤਾ ਜਾ ਰਿਹਾ ਹੈ। ਇਸਤੋਂ ਇਲਾਵਾ ਇਸ ਨਹਿਰ ਦੇ ਨਾਲ-ਨਾਲ ਜਾਂਦੀ ਸੜ੍ਹਕ ਨੂੰ 6 ਮੀਟਰ ਤੋਂ ਵਧਾ ਕੇ 10 ਮੀਟਰ ਕਰਨ ਦੀ ਵੀ ਤਜਵੀਜ ਹੈ।

ਸ੍ਰ: ਹਰਵਿੰਦਰ ਸਿੰਘ, ਕੌਂਸਲਰ ਨੇ ਮੰਗ ਕੀਤੀ ਕਿ ਵਧਦੀ ਮਹਿੰਗਾਈ ਨੂੰ ਦੇਖਦੇ ਹੋਏ ਨਗਰ ਨਿਗਮ ਵਿਖੇ ਆਊਟਸੋਰਸ ਤੇ ਰੱਖੇ ਮੁਲਾਜ਼ਮਾਂ ਦੀ ਤਨਖਾਹ ਵਿੱਚ ਵੀ ਵਾਧਾ ਕੀਤਾ ਜਾਵੇ। ਇਸ ਗੱਲ ਦੇ ਸਮਰਥਨ ਵਿੱਚ ਹਾਊਸ ਵਿੱਚ ਮੌਜੂਦ ਸਮੂਹ ਕੌਂਸਲਰ ਸਾਹਿਬਾਨ ਵੱਲੋਂ ਮੇਜ਼ਾਂ ਥਪਥਪਾਈਆਂ ਗਈਆਂ। ਉਹਨਾਂ ਕਿਹਾ ਕਿ ਇੰਨ੍ਹੀ ਘੱਟ ਤਨਖਾਹ ਤੇ ਗੁਜ਼ਾਰਾ ਕਰਨਾ ਬੜਾ ਮੁਸ਼ਕਿਲ ਹੈ। ਇਸ ਲਈ ਯੋਗ ਹੋਵੇਗਾ ਕਿ ਇਹਨਾਂ ਦੀ ਤਨਖਾਹ ਵਿੱਚ ਵਾਧਾ ਕਰਨ ਲਈ ਸਰਕਾਰ ਨੂੰ ਲਿਖਿਆ ਜਾਵੇ। ਉਹਨਾਂ ਇਹ ਵੀ ਮੰਗ ਕੀਤੀ ਕਿ ਪਖਾਨਿਆਂ ਤੇ ਲੱਗੇ ਸਫਾਈ ਕਰਮਚਾਰੀਆਂ ਦੀ ਤਨਖਾਹ

ਵਿੱਚ ਵੀ ਵਾਧਾ ਕੀਤਾ ਜਾਵੇ। ਕਾਰਜਕਾਰੀ ਮੇਅਰ, ਨਗਰ ਨਿਗਮ ਬਠਿੰਡਾ ਜੀ ਨੇ ਸਮੂਹ ਕੌਂਸਲਰ ਸਾਹਿਬਾਨ ਨੂੰ ਕਿਹਾ ਕਿ ਕੌਂਸਲਰ ਸਾਹਿਬਾਨ ਦਾ ਮਾਨਭੇਟਾ 17000/- ਰੁਪਏ ਤੋਂ ਵਧਾ ਕੇ 25000/- ਰੁਪਏ ਪ੍ਰਤੀ ਮਹੀਨਾ ਕਰਨ ਸਬੰਧੀ ਵੀ ਲਿਖ ਕੇ ਦਿੱਤਾ ਜਾਵੇ ਤਾਂ ਜੋ ਉਸਤੇ ਵਿਚਾਰ ਕਰਕੇ ਸਰਕਾਰ ਪਾਸ ਪ੍ਰਵਾਨਗੀ ਹਿੱਤ ਭੇਜਿਆ ਜਾ ਸਕੇ।

ਸ਼੍ਰੀਮਤੀ ਅਮਨਦੀਪ ਕੋਰ, ਕੌਂਸਲਰ ਵਾਰਡ ਨੰਬਰ 1 ਨੇ ਕਿਹਾ ਕਿ ਆਦਰਸ਼ ਨਗਰ, ਗਲੀ ਨੰਬਰ 1/4, 24/2 ਅੇਤ 24/3 ਵਿੱਚ ਸੀਵਰ ਪੈ ਚੁੱਕਾ ਹੈ। ਇਸ ਲਈ ਯੋਗ ਹੋਵੇਗਾ ਕਿ ਇਸ ਜਗ੍ਹਾ ਸੜ੍ਹਕ ਬਨਾਉਣ ਸਬੰਧੀ ਟੈਂਡਰ ਲਗਾ ਕੇ ਕੰਮ ਕਰਵਾਇਆ ਜਾਵੇ। ਇਸਤੋਂ ਇਲਾਵਾ ਗਲੀ ਨੰਬਰ 1/6 ਵਿੱਚ ਸੀਵਰ ਦਾ ਕੁੱਝ ਟੋਟਾ ਪੈਣ ਵਾਲਾ ਹੈ, ਉਹ ਜਲਦ ਤੋਂ ਜਲਦ ਪਵਾਇਆ ਜਾਵੇ।

ਸ਼੍ਰੀਮਤੀ ਰੀਨਾ ਗੁਪਤਾ, ਕੌਂਸਲਰ ਵਾਰਡ ਨੰਬਰ 29 ਨੇ ਕਿਹਾ ਕਿ ਉਹਨਾਂ ਦੇ ਵਾਰਡ ਦਾ ਖੇਤਰਫਲ ਬਹੁਤ ਜਿਆਦਾ ਹੈ। ਪਰੰਤੂ ਸਫਾਈ ਸੇਵਕ ਘੱਟ ਹੋਣ ਕਾਰਨ ਪੂਰੇ ਵਾਰਡ ਦੀ ਸਫਾਈ ਕਰਵਾਉਣ ਵਿੱਚ ਦਿੱਕਤ ਪੇਸ਼ ਆਉਂਦੀ ਹੈ। ਉਹਨਾਂ ਮੰਗ ਕੀਤੀ ਕਿ ਉਹਨਾਂ ਦੇ ਵਾਰਡ ਵਿੱਚ ਸਫਾਈ ਸੇਵਕਾਂ ਦੀ ਗਿਣਤੀ ਵਧਾਈ ਜਾਵੇ ਤਾਂ ਜੋ ਸਫਾਈ ਸੁੱਚਜੇ ਢੰਗ ਨਾਲ ਹੋ ਸਕੇ।

ਸ਼੍ਰੀਮਤੀ ਸਿਮਰਨ, ਕੌਂਸਲਰ ਵਾਰਡ ਨੰਬਰ 17 ਨੇ ਮੰਗ ਕੀਤੀ ਕਿ ਬਾਗਬਾਨੀ ਵਿਖੇ ਕੱਚੇ ਮੁਲਾਜ਼ਮਾਂ ਨੂੰ ਵੀ ਪੱਕਾ ਕਰਨ ਸਬੰਧੀ ਕਾਰਵਾਈ ਕੀਤੀ ਜਾਵੇ।

ਸ਼੍ਰੀਮਤੀ ਕਮਲੇਸ਼ ਮਹਿਰਾ, ਕੌਂਸਲਰ, ਵਾਰਡ ਨੰਬਰ 49 ਨੇ ਦਸਿਆ ਕਿ ਉਹਨਾਂ ਵੱਲੋਂ ਸੰਤਪੁਰਾ ਰੋਡ ਅਤੇ ਸ਼ਕਤੀ ਨਗਰ ਵਿੱਚ ਸੀਵਰ ਪਾਉਣ ਲਈ ਕਈ ਦਰਖਾਸਤਾਂ ਦਿੱਤੀਆਂ ਗਈਆਂ ਹਨ। ਪਰੰਤੂ ਸੀਵਰ ਨਾ ਪੈਣ ਕਾਰਨ ਲੋਕਾਂ ਨੂੰ ਬਹੁਤ ਜਿਆਦਾ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਇਹ ਵੀ ਕਿਹਾ ਕਿ ਸਰਕਾਰਾਂ ਤਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ। ਉਹਨਾਂ ਨਹਿਰ ਤੋਂ ਲੈ ਕੇ ਸੰਤਪੁਰਾ ਰੋਡ ਤੱਕ ਸੀਵਰ ਪਾਉਣ ਦੀ ਮੰਗ ਕੀਤੀ। ਉਹਨਾਂ ਇਹ ਵੀ ਮੰਗ ਕੀਤੀ ਕਿ ਰੋਜ਼ ਗਾਰਡਨ ਪਾਸ ਸਬਜੀ ਮੰਡੀ ਵਾਲੀ ਸਾਇਡ ਤੇ ਸਲਿਪ ਰੋਡ ਤੇ ਟਾਇਲਾਂ ਲਗਾਈਆਂ ਜਾਣ। ਸ਼ਕਤੀ ਨਗਰ ਅਤੇ ਪੰਚਵਟੀ ਨਗਰ ਵਿਖੇ ਖੱਡੇ ਬੰਦ ਕੀਤੇ ਜਾਣ ਅਤੇ ਨਹਿਰ ਦੇ ਨਾਲ-ਨਾਲ ਤਾਰ ਲਗਾਈ ਜਾਵੇ, ਤਾਂ ਜੋ ਕੋਈ ਹਾਦਸਾ ਨਾ ਹੋਵੇ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਪੀ.ਡਬਲਿਊ.ਡੀ. ਮਹਿਕਮੇ ਵੱਲੋਂ ਨਹਿਰ ਦੇ ਨਾਲ-ਨਾਲ ਪੂਰੀ ਸੜ੍ਹਕ ਦਾ ਪ੍ਰਪੋਜ਼ਲ ਤਿਆਰ ਕੀਤਾ ਗਿਆ ਹੈ। ਜਿਸ ਵਿੱਚ ਸੜ੍ਹਕ 6 ਮੀਟਰ ਤੋਂ ਵਧਾ ਕੇ 10 ਮੀਟਰ, ਸਟਰੀਟ ਲਾਈਟ ਅਤੇ ਸਟੀਲ ਦੇ ਬੈਰੀਕੇਡ ਲਗਾਉਣ ਦੀ ਵੀ ਤਜਵੀਜ ਸ਼ਾਮਲ ਹੈ। ਸ਼੍ਰੀਮਤੀ ਕਮਲੇਸ਼ ਮਹਿਰਾ, ਕੌਂਸਲਰ ਨੇ ਕਿਹਾ ਕਿ ਉਕਤ ਤੋਂ ਇਲਾਵਾ ਉਹਨਾਂ ਦੇ ਵਾਰਡ ਵਿੱਚੋਂ ਅਵਾਰਾ ਕੁੱਤਿਆਂ ਨੂੰ ਵੀ ਚੁਕਵਾਇਆ ਜਾਵੇ। ਉਹਨਾਂ ਕਿਹਾ ਕਿ ਉਹ ਪਿਛਲੇ ਕਾਫੀ ਸਮੇਂ ਤੋਂ ਇਸ ਸਬੰਧੀ ਮੰਗ ਕਰ ਰਹੇ ਹਨ, ਪਰੰਤੂ ਕੋਈ ਸੁਣਵਾਈ ਨਹੀਂ ਹੋ ਰਹੀ। ਇਸਤੇ ਕਾਰਜਕਾਰੀ ਮੇਅਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਅਵਾਰਾ ਕੁੱਤਿਆਂ ਦੀ ਨਸਬੰਦ ਕੀਤੀ ਜਾ ਸਕਦੀ ਹੈ। ਸ਼੍ਰੀਮਤੀ ਕਮਲੇਸ਼ ਮਹਿਰਾ, ਕੌਂਸਲਰ ਨੇ ਮੰਗ ਕੀਤੀ ਕਿ ਉਹਨਾਂ ਦੇ ਵਾਰਡ ਵਿੱਚ ਮੁਰਗੇ, ਮੱਛੀ ਆਦਿ ਵੇਚਣ ਵਾਲਿਆਂ ਦੇ ਕੋਈ ਹੱਲ ਕੀਤਾ ਜਾਵੇ, ਕਿਉਂ ਜੋ ਮੁਰਗੇ ਵੇਚਣ ਵਾਲਿਆਂ ਵੱਲੋਂ ਆਪਣੇ ਮੁਰਗੇ ਬਾਹਰ ਸੜ੍ਹਕ ਤੇ ਟੰਗ ਦਿੱਤੇ ਜਾਂਦੇ ਹਨ, ਜੋ ਕਿ ਬਹੁਤ ਹੀ ਗੰਦੇ ਲਗਦੇ ਹਨ। ਇਸਤੋਂ ਇਲਾਵਾ ਇੰਨ੍ਹਾਂ ਦੁਕਾਨਦਾਰਾਂ ਵੱਲੋਂ ਸਾਰਾ ਦਿਨ ਸੜ੍ਹਕ ਤੇ ਪਾਣੀ ਵੀ ਡੋਲਿਆ ਜਾਂਦਾ ਹੈ। ਇਸ ਲਈ ਇਹਨਾਂ ਦਾ ਜਲਦ ਤੋਂ ਜਲਦ ਹੱਲ ਕੀਤਾ ਜਾਵੇ।

ਸ਼੍ਰੀਮਤੀ ਪ੍ਰਵੀਨ ਗਰਗ, ਕੌਂਸਲਰ ਵਾਰਡ ਨੰਬਰ 31 ਨੇ ਕਿਹਾ ਕਿ ਡੀ.ਏ.ਵੀ. ਕਾਲਜ ਦੀ ਬੈਕਸਾਇਡ ਕੰਮ ਚੱਲ ਰਿਹਾ ਹੈ। ਪਰੰਤੂ 40 ਫੁੱਟੀ ਤੇ ਗੰਦਾ ਪਾਣੀ ਹਰ ਸਮੇਂ ਖੜਾ ਹੋਣ ਕਾਰਨ ਲੋਕਾਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਜਗ੍ਹਾ ਬਿਨ੍ਹਾਂ ਬਰਸਾਤਾਂ ਤੋਂ ਵੀ ਪਾਣੀ ਖੜਾ ਰਹਿੰਦਾ ਹੈ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਹਦਾਇਤ ਕੀਤੀ ਕਿ ਸੀਵਰ ਪਲੱਗ ਕੀਤਾ ਜਾਵੇ। ਇਸ ਜਗ੍ਹਾ ਬਾਈਪਾਸ ਬਣਾ ਕੇ ਸੀਵਰ ਦੇ ਪਾਣੀ ਦੀ ਨਿਕਾਸੀ ਕੀਤੀ ਜਾਵੇ ਅਤੇ ਘਰਾਂ ਦਾ ਸਾਰਾ ਗੰਦਾ ਪਾਣੀ ਸੀਵਰ ਲਾਈਨ ਵਿੱਚ ਪਾਉਣ ਸਬੰਧੀ ਕਾਰਵਾਈ ਕੀਤੀ ਜਾਵੇ। ਸ਼੍ਰੀਮਤੀ ਪ੍ਰਵੀਨ ਗਰਗ, ਕੌਂਸਲਰ ਨੇ ਕਿਹਾ ਕਿ ਰਾਮ ਸ਼ਰਨਮ ਕੰਨਿਆ ਮੰਦਰ ਪਾਸ ਸਫਾਈ ਦਾ ਬਹੁਤ ਜਿਆਦਾ ਮਾੜਾ ਹਾਲ ਹੈ। ਇਸ ਲਈ ਜਲਦ ਤੋਂ ਜਲਦ ਸਫਾਈ ਕਰਵਾਈ ਜਾਵੇ। ਉਹਨਾਂ ਇਹ ਵੀ ਕਿਹਾ ਕਿ ਅਗਰਵਾਲ ਕਲੋਨੀ, ਗਲੀ ਨੰਬਰ 5 ਅਤੇ ਬੈਕ ਸਾਇਡ ਗਲੀਆਂ ਵਿੱਚ ਸਟਰੀਟ ਲਾਈਟ ਬੰਦ ਪਈ ਹੈ, ਉਹ ਚਲਵਾਈ ਜਾਵੇ।

ਸ਼੍ਰੀਮਤੀ ਪੁਸ਼ਪਾ ਰਾਣੀ, ਕੌਂਸਲਰ ਵਾਰਡ ਨੰਬਰ 39 ਨੇ ਕਿਹਾ ਕਿ ਪ੍ਰਤਾਪ ਨਗਰ, ਐਸ.ਏ.ਐੱਸ. ਨਗਰ ਅਤੇ ਸੁਰਖਪੀਰ ਰੋਡ ਤੇ ਪੀਣ ਵਾਲੇ ਪਾਣੀ ਮੁੱਹਈਆ ਕਰਵਾਉਣ ਸਬੰਧੀ ਬਣਦੀ ਕਾਰਵਾਈ ਕੀਤੀ ਜਾਵੇ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਇਸ ਸਬੰਧੀ 37.00 ਕਰੋੜ੍ਹ ਰੁਪਏ ਦਾ ਨਵਾਂ ਪ੍ਰੋਜੈਕਟ ਤਿਆਰ ਕਰਕੇ ਸਰਕਾਰ ਪਾਸ ਭੇਜਿਆ ਹੋਇਆ ਹੈ। ਜੂਨ ਮਹੀਨੇ ਦੋਰਾਨ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ। ਸ਼੍ਰੀਮਤੀ ਪੁਸ਼ਪਾ ਰਾਣੀ, ਕੌਂਸਲਰ ਨੇ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਲੱਗੇ ਆਰ.ਓ ਵਾਲੇ ਕਮਰੇ ਦੀ ਛੱਤ ਡਿਗਣ ਵਾਲੀ ਹੈ। ਇਸ ਲਈ ਜਲਦ ਤੋਂ ਜਲਦ ਛੱਤ ਬਦਲੀ ਜਾਵੇ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜਲਦ ਤੋਂ ਜਲਦ ਛੱਤ ਬਦਲ ਦਿੱਤੀ ਜਾਵੇ।

ਕਾਰਜਕਾਰੀ ਮੇਅਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਲਾਇਨੋਪਾਰ ਇਲਾਕੇ ਵਿੱਚ ਬਣੀ ਪੀਣ ਵਾਲੇ ਪਾਣੀ ਦੀ ਡੀ-ਸਿਲਟਿੰਗ ਵੀ ਹੋਣ ਵਾਲੀ ਹੈ। ਡੀ-ਸਿਲਟਿੰਗ ਹੋਣ ਉਪਰੰਤ ਪੀਣ ਵਾਲੇ ਪਾਣੀ ਦੀ ਸਮਰੱਥਾ ਵੱਧ ਜਾਣ ਤੇ ਵੀ ਲੋਕਾਂ ਨੂੰ ਰਾਹਤ ਮਿਲੇਗੀ। ਇਸ ਲਈ ਜਲਦ ਤੋਂ ਇਸ ਟੈਂਕੀ ਦੀ ਡੀ-ਸਿਲਟਿੰਗ ਕਰਵਾਈ ਜਾਵੇ। ਉਹਨਾਂ ਇਹ ਵੀ ਕਿਹਾ ਕਿ ਜਨਰਲ ਰਿਪੇਅਰ ਦੇ ਕੰਮਾਂ ਦੇ ਤਖਮੀਨੇ ਜ਼ੋਨ ਵਾਇਜ਼ ਨਾ ਬਣਾ ਕੇ ਵਾਰਡ ਵਾਇਜ਼ ਬਣਾਏ ਜਾਣ।

ਸ਼੍ਰੀਮਤੀ ਕਮਲਜੀਤ ਕੋਰ, ਕੌਂਸਲਰ ਵਾਰਡ ਨੰਬਰ 25 ਨੇ ਮੰਗ ਕੀਤੀ ਕਿ ਗੁਰੂ ਰਾਮ ਦਾਸ ਧਰਮਸ਼ਾਲਾ ਵਿੱਚ ਇੰਟਰਲਾਕਿੰਗ ਟਾਇਲਾਂ ਲਗਾਈਆਂ ਜਾਣ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਧਰਮਸ਼ਾਲਾ ਅੰਦਰ ਸਰਕਾਰ ਪਾਸੋਂ ਪ੍ਰਾਪਤ ਗਰਾਂਟ ਨਾਲ ਹੀ ਕੰਮ ਕਰਵਾਇਆ ਜਾ ਸਕਦਾ ਹੈ। ਜੇਕਰ ਧਰਮਸ਼ਾਲਾ ਦੇ ਬਾਹਰ ਸੜ੍ਹਕਾਂ ਤੇ ਕੋਈ ਕੰਮ ਰਹਿੰਦਾ ਹੈ ਤਾਂ ਉਸ ਬਾਰੇ ਦਸਿਆ ਜਾਵੇ, ਤਾਂ ਉਹਨਾਂ ਕਿਹਾ ਕਿ ਸਿਰਕੀ ਬਾਜਾਰ ਦੇ ਬਰਮਾਂ ਤੇ ਟਾਇਲਾਂ ਲਗਾਈਆਂ ਜਾਣ।

ਸ਼੍ਰੀਮਤੀ ਮਮਤਾ, ਕੌਂਸਲਰ, ਵਾਰਡ ਨੰਬਰ 47 ਨੇ ਦਸਿਆ ਕਿ ਜਨਤਾ ਨਗਰ, ਗਲੀ ਨੰਬਰ 1 ਵਿੱਚ ਬਹੁਤ ਜਿਆਦਾ ਸੀਵਰ ਦਾ ਪਾਣੀ ਭਰਿਆ ਹੋਣ ਕਾਰਨ ਲੋਕਾਂ ਵਿੱਚ ਰੋਸ ਹੈ। ਉਹਨਾਂ ਕਿਹਾ ਕਿ ਜੇਕਰ ਜਲਦੀ ਹੀ ਇਸਦਾ ਹੱਲ ਨਾ ਕੀਤਾ ਗਿਆ ਤਾਂ ਉਹ ਲੋਕਾਂ ਨੂੰ ਨਾਲ ਲੈ ਕੇ ਧਰਨੇ ਤੇ ਬੈਠ ਜਾਣਗੇ। ਇਸਤੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀ ਨੇ ਕਿਹਾ ਕਿ ਇਹ ਸੀਵਰ ਅੱਜ ਹੀ ਖੋਲ ਦਿੱਤਾ ਜਾਵੇਗਾ। ਸ਼੍ਰੀਮਤੀ ਮਮਤਾ, ਕੌਂਸਲਰ ਨੇ ਇਹ ਵੀ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਪਬਲਿਕ ਟਾਇਲਟਸ ਦੀ ਸਫਾਈ ਦਾ ਵੀ ਬਹੁਤ ਜਿਆਦਾ ਮੰਦਾ ਹਾਲ ਹੈ। ਇਸਤੇ ਚੀਫ ਸੈਨਟਰੀ ਇੰਸਪੈਕਟਰ, ਨਗਰ ਨਿਗਮ ਬਠਿੰਡਾ ਨੂੰ ਨੋਟ ਕਰਵਾਉਂਦੇ ਹੋਏ ਜਲਦ ਤੋਂ ਜਲਦ ਸਫਾਈ ਕਰਵਾਉਣ ਦੀ ਹਦਾਇਤ ਕੀਤੀ ਗਈ।

ਸ਼੍ਰੀਮਤੀ ਸੋਨੀਆ ਬਾਂਸਲ, ਕੌਂਸਲਰ ਵਾਰਡ ਨੰਬਰ 5 ਨੇ ਮੰਗ ਕੀਤੀ ਕਿ ਸਿਲਵਰ ਓਕਸ ਕਲੋਨੀ ਵਿੱਚ ਸੀਵਰ ਪਾਇਆ ਜਾਵੇ।

ਸ਼੍ਰੀ ਵਿਕਰਮ ਕ੍ਰਾਂਤੀ, ਕੌਂਸਲਰ, ਵਾਰਡ ਨੰਬਰ 18 ਨੇ ਕਿਹਾ ਕਿ ਉਹਨਾਂ ਦੇ ਵਾਰਡ ਦੀਆਂ ਗਲੀਆਂ ਵਿੱਚ ਬਹੁਤ ਜਿਆਦਾ ਸੀਵਰ ਦਾ ਗੰਦਾ ਪਾਣੀ ਖੜ੍ਹਾ ਹੈ, ਜਿਸਦੀ ਨਿਕਾਸੀ ਸਬੰਧੀ ਉਹ ਵਾਰ-ਵਾਰ ਕਹਿ ਰਹੇ ਹਨ। ਪਰੰਤੂ ਕੋਈ ਹੱਲ ਨਹੀਂ ਕੀਤਾ ਜਾ ਰਿਹਾ। ਇਸ ਸਬੰਧੀ ਰੇਲਵੇ ਵਿਭਾਗ ਵੱਲੋਂ ਵੀ ਕੋਈ ਕਾਰਵਾਈ ਨਾ ਹੋਣ ਕਾਰਨ ਲੋਕਾਂ ਵਿੱਚ ਬਹੁਤ ਜਿਆਦਾ ਰੋਸ ਪਾਇਆ ਜਾ ਰਿਹਾ ਹੈ। ਉਹਨਾਂ ਜਲਦ ਤੋਂ ਜਲਦ ਕੋਈ ਕਮੇਟੀ ਬਣਾ ਕੇ ਇਸ ਕੰਮ ਦੀ ਪੈਰਵੀ ਕਰਨ ਅਤੇ ਕੰਮ ਕਰਵਾਉਣ ਦੀ ਮੰਗ ਕੀਤੀ। ਇਸਤੇ ਹਾਊਸ ਵਿੱਚ ਸ਼੍ਰੀ ਸੁਰੇਸ਼ ਚੋਹਾਣ, ਸ਼੍ਰੀ ਵਿਕਰਮ ਕ੍ਰਾਂਤੀ ਕੌਂਸਲਰ ਸਾਹਿਬਾਨ ਅਤੇ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਦੀ ਇੱਕ ਸਬ-ਕਮੇਟੀ ਬਣਾਈ ਗਈ, ਜੋ ਇਸ ਕੰਮ ਦੀ ਦੇਖਰੇਖ ਕਰੇਗੀ ਅਤੇ ਆਪਣੀ ਰਿਪੋਰਟ ਪੇਸ਼ ਕਰੇਗੀ ਤਾਂ ਜੋ ਜਲਦ ਤੋਂ ਜਲਦ ਸਮੱਸਿਆ ਦਾ ਹੱਲ ਕੀਤਾ ਜਾ ਸਕੇ।

ਸ਼੍ਰੀ ਸੁਖਦੀਪ ਸਿੰਘ ਢਿੱਲੋਂ, ਕੌਂਸਲਰ, ਵਾਰਡ ਨੰਬਰ 2 ਨੇ ਕਿਹਾ ਕਿ ਸ਼ਹਿਰ ਵਿੱਚ ਅਵਾਰਾ ਪਸ਼ੂਆਂ ਕਾਰਨ ਆਏ ਦਿਨ ਹਾਦਸੇ ਹੁੰਦੇ ਹਨ। ਇਹ ਇੱਕ ਗੰਭੀਰ ਮੁੱਦਾ ਹੈ। ਪੰਜਾਬ ਸਰਕਾਰ ਵੱਲੋਂ ਇੰਨ੍ਹਾਂ ਆਵਾਰਾ ਪਸ਼ੂਆਂ ਸਬੰਧੀ ਪਾਇਲਟ ਪ੍ਰੋਜੈਕਟ ਵੀ ਤਿਆਰ ਕੀਤਾ ਗਿਆ ਹੈ, ਜਿਸਦੇ ਤਹਿਤ ਸ਼ਹਿਰ ਵਿੱਚੋਂ ਪਸ਼ੂ ਚੁੱਕੇ ਜਾ ਰਹੇ ਹਨ। ਪਰੰਤੂ ਪਿੰਡਾਂ ਦੇ ਲੋਕਾਂ ਵੱਲੋਂ ਸ਼ਹਿਰ ਵਿੱਚ ਰੋਜ਼ਾਨਾ ਪਸ਼ੂ ਛੱਡਣ ਕਾਰਨ ਸਮੱਸਿਆ ਉਵੇਂ ਹੀ ਖੜੀ ਹੈ। ਇਸ ਲਈ ਇਹਨਾਂ ਨੂੰ ਰੋਕਣ ਖਾਤਰ ਕਦਮ ਚੁੱਕੇ ਜਾਣੇ ਜਰੂਰੀ ਹਨ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਝੁੰਬਾ ਅਤੇ ਹਰਰਾਏਪੁਰ ਵਿਖੇ 2000-2500 ਹੋਰ ਪਸ਼ੂਆਂ ਨੂੰ ਰੱਖਣ ਖਾਤਰ ਕੰਮ ਕੀਤਾ ਜਾ ਰਿਹਾ ਹੈ। ਇਸਤੋਂ ਇਲਾਵਾ ਜਿਲਾ ਪੱਧਰ ਤੇ ਗਊਸ਼ਾਲਾਵਾਂ ਬਣਾ ਕੇ ਪਸ਼ੂ ਰੱਖਣ ਦਾ ਵੀ ਕੰਮ ਚੱਲ ਰਿਹਾ ਹੈ। ਇਸ ਨਾਲ ਸ਼ਹਿਰ ਵਿੱਚ ਪਸ਼ੂ ਦਾਖਲ ਹੋਣ ਤੋਂ ਪਹਿਲਾਂ ਹੀ ਹਾਈਵੇ ਤੋਂ ਚੁੱਕ ਲਿਆ ਜਾਵੇਗਾ ਅਤੇ ਗਊਸ਼ਾਲਾ ਵਿੱਚ ਭੇਜ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਇਹ ਕੰਮ 31 ਮਾਰਚ ਤੱਕ ਪੂਰਾ ਹੋਣ ਦੀ ਉਮੀਦ ਹੈ।

ਸ਼੍ਰੀ ਸੁਰੇਸ਼ ਚੋਹਾਣ, ਕੌਂਸਲਰ ਵਾਰਡ ਨੰਬਰ 22 ਨੇ ਕਿਹਾ ਕਿ ਪਿਛਲੇ ਦਿਨੀ ਸਫਾਈ ਸੇਵਕ ਯੂਨੀਅਨ ਅਤੇ ਸੀਵਰਮੈਨ ਯੂਨੀਅਨ ਵੱਲੋਂ ਲਗਾਤਾਰ 12-13 ਦਿਨ ਧਰਨਾ ਲਗਾਇਆ ਗਿਆ ਹੈ। ਇਹਨਾਂ ਦੀਆਂ ਛੋਟੀਆਂ-ਛੋਟੀਆਂ ਜੋ ਮੰਗਾਂ ਹਨ, ਉਹ ਮੰਨ ਲੈਣੀਆਂ ਚਾਹੀਦੀਆਂ ਹਨ। ਉਹਨਾਂ ਇਹ ਵੀ ਕਿਹਾ ਕਿ ਬਰਨਾਲਾ ਅਤੇ ਫਰੀਦਕੋਟ ਸ਼ਹਿਰਾਂ ਵਿੱਚ ਕੱਚੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾ ਚੁੱਕਾ ਹੈ। ਇਸ ਅਨੁਸਾਰ ਬਠਿੰਡਾ ਵਿਖੇ ਵੀ ਕੱਚੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇ।

ਸ਼੍ਰੀ ਮਲਕੀਤ ਸਿੰਘ ਗਿੱਲ, ਕੌਂਸਲਰ, ਵਾਰਡ ਨੰਬਰ 50 ਨੇ ਹੁਣ ਹਾਊਸ ਆਜ਼ਾਦ ਹੋ ਗਿਆ ਹੈ। ਸਾਰੇ ਕੌਂਸਲਰ ਸਾਹਿਬਾਨ ਖੁਸ਼ ਹਨ। ਉਹਨਾਂ ਕਿਹਾ ਕਿ ਉਨ੍ਹਾਂ ਦੇ ਵਾਰਡ ਦੀਆਂ ਗਲੀਆਂ ਵਿੱਚ ਗੰਦਾ ਪਾਣੀ ਖੜਾ ਹੋਣ ਕਾਰਨ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਜੂਨੀਅਰ ਇੰਜੀਨੀਅਰ, ਸ਼੍ਰੀ ਉਮ ਪ੍ਰਕਾਸ਼ ਨੂੰ ਬੁਲਾਇਆ ਗਿਆ ਸੀ। ਪਰੰਤੂ ਉਸ ਵੱਲੋਂ ਕਿਹਾ ਗਿਆ ਕਿ ਜਦੋਂ ਤੱਕ ਮੈਨੂੰ ਪਿਛਲੇ ਪੈਸੇ ਨਹੀਂ ਦੇ ਦਿੱਤੇ ਜਾਂਦੇ, ਤੱਦ ਤੱਕ ਉਹ ਕੰਮ ਨਹੀਂ ਕਰਵਾਉਣਗੇ। ਉਹਨਾਂ ਜਲਦ ਤੋਂ ਜਲਦ ਇਸ ਸਬੰਧੀ ਬਣਦੀ ਕਾਰਵਾਈ ਕਰਨ ਦੀ ਮੰਗ ਕੀਤੀ। ਉਹਨਾਂ ਇਹ ਵੀ ਕਿਹਾ ਕਿ ਕਿਸੇ ਵੀ ਵਾਰਡ ਵਿੱਚ ਜਦੋਂ ਵੀ ਕੋਈ ਵਿਕਾਸ ਦਾ ਕੰਮ ਕਰਵਾਇਆ ਜਾਂਦਾ ਹੈ ਤਾਂ ਉਸ ਵਾਰਡ ਦੇ ਸਬੰਧਤ ਕੌਂਸਲਰ ਨੂੰ ਜਰੂਰ ਸੱਦ ਲਿਆ ਜਾਵੇ।

ਸ਼੍ਰੀਮਤੀ ਕਿਰਨ ਰਾਣੀ, ਕੌਂਸਲਰ ਵਾਰਡ ਨੰਬਰ 23 ਨੇ ਮੰਗ ਕੀਤੀ ਕਿ ਏਜੰਡਾ ਆਇਟਮ ਨੰਬਰ 4 ਵਿੱਚ ਦਰਜ਼ ਆਵਾ ਬਸਤੀ ਵਿਖੇ ਇੰਟਰਲਾਕਿੰਗ ਟਾਇਲਾਂ ਦਾ ਕੰਮ ਸ਼ੁਰੂ ਕਰਵਾਉਣ ਤੋਂ ਪਹਿਲਾਂ ਇਸ ਜਗ੍ਹਾ ਪੀਣ ਵਾਲੇ ਪਾਣੀ ਦੀ ਸਪਲਾਈ ਦੇਣ ਲਈ ਕੰਮ ਸ਼ੁਰੂ ਕੀਤਾ ਜਾਵੇ। ਇਸ ਉਪਰੰਤ ਹੀ ਟਾਇਲਾਂ ਲਗਾਉਣ ਸਬੰਧੀ ਪ੍ਰਕ੍ਰਿਆ ਆਰੰਭੀ ਜਾਵੇ।

**<u>ਇਸ ਉਪਰੰਤ ਮੀਟਿੰਗ ਦੀ ਕਾਰਵਾਈ ਸ਼ੁਰੂ ਕੀਤੀ ਗਈ।</u>**

**ਏਜੰਡਾ ਨੰ: 1 :**

ਜਨਰਲ ਹਾਊਸ ਦੀ ਮੀਟਿੰਗ ਮਿਤੀ 06.09.2023 ਦੀ ਕਾਰਵਾਈ ਦੀ ਪਕਿਆਈ।

| | |
|---|---|
| ਮਤਾ ਨੰਬਰ 259: | **ਮੀਟਿੰਗ ਮਿਤੀ 06.09.2023 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।** |

**ਏਜੰਡਾ ਨੰ: 2:**

ਰਿਪੋਰਟ ਵਾਟਰ ਸਪਲਾਈ ਅਤੇ ਸੀਵਰੇਜ਼ ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰਬਰ 2, ਬਠਿੰਡਾ ਵੱਲੋਂ ਆਪਣੇ ਪੱਤਰ ਨੰਬਰ 3421 ਮਿਤੀ 04.09.2023 ਰਾਹੀਂ Providing & Fixing of Flow Meters, Sluice Valves, DI K-7 150mm & 200mm i/d DI K-7 Pipe Lines for creation of DMA (District Metered Area) & OZ (Operational Zone) for implementation of 24x7 water supply activities for pilot project as instructed by PMIDC at Bathinda ਲਈ 22.98 ਲੱਖ ਰੁਪਏ ਦਾ ਤਖਮੀਨਾ ਇਸ ਦਫਤਰ ਨੂੰ ਭੇਜਿਆ ਗਿਆ ਹੈ। ਮਾਨਯੋਗ ਹਾਊਸ ਦੀ ਪ੍ਰਵਾਨਗੀ ਤੋਂ ਬਿਨ੍ਹਾਂ ਕੋਈ ਵੀ ਅਦਾਇਗੀ ਨਹੀਂ ਕੀਤੀ ਜਾ ਸਕਦੀ। ਇਸ ਲਈ ਤਖਮੀਨਾ ਪ੍ਰਸ਼ਾਸਕੀ ਪ੍ਰਵਾਨਗੀ ਹਾਸਲ ਕਰਨ ਲਈ ਮਾਨਯੋਗ ਹਾਊਸ ਦੇ ਵਿਚਾਰ ਹਿੱਤ।

| | |
|---|---|
| ਮਤਾ ਨੰਬਰ 260: | **ਪ੍ਰਵਾਨ ਹੈ।** |

**ਏਜੰਡਾ ਨੰ: 3:**

ਰਿਪੋਰਟ ਵਰਕਸ ਸ਼ਾਖਾ ਕਿ ਨਗਰ ਨਿਗਮ ਵੱਲੋਂ ਹੇਠ ਲਿਖੇ ਅਨੁਸਾਰ ਪਬਲਿਕ ਟਾਇਲਟਸ ਦੇ ਕੰਮਾਂ ਦੇ ਤਖਮੀਨੇ ਤਿਆਰ ਕੀਤੇ ਗਏ ਹਨ:-

| Sr. No. | Name of Work | Estimate (in lac) |
|---|---|---|
| 1 | Construction of Public Toilet in Model Town Phase-III Bathinda | 16.00 |
| 2 | Construction of Public Toilet at Goniana GT Road Bathinda | 16.00 |
| 3 | Repair and Renovation of Toilet Block in PUDA Market Near Power House Road Bathinda | 9.15 |
| 4 | Construction of Public Toilet near Rasoi Restaurant Model Town Phase-II Bathinda. | 16.00 |
| 5 | Construction of Public Toilet near Civil Hospital GT Road Bathinda | 16.00 |
| 6 | Construction of Public Toilet near Power House Road Lights (PUDA Market Corner) Bathinda City. | 16.00 |
| 7 | Construction of Urinal Block near Verma Hospital at Bhatti Road, Bathinda | 2.11 |
| 8 | Construction of Public Toilet at Court Complex, Bathinda | 16.00 |
| | **Total** | **107.26** |

ਇਹ ਤਖਮੀਨੇ ਸ਼ਹਿਰ ਵਿੱਚ ਵੱਖ-ਵੱਖ ਥਾਵਾਂ ਤੇ ਪਬਲਿਕ ਨੂੰ ਸਹੂਲਤ ਮੁੱਹਈਆ ਕਰਵਾਉਣ ਲਈ ਤਿਆਰ ਕੀਤੇ ਗਏ ਹਨ। ਇੱਥੇ ਇਹ ਵੀ ਦਸਿਆ ਜਾਂਦਾ ਹੈ ਕਿ ਪੀ.ਐਮ.ਆਈ.ਡੀ.ਸੀ. ਵੱਲੋਂ ਪੱਤਰ ਨੰਬਰ PMIDC/SWM/2023/9562 ਮਿਤੀ 27.12.2023 ਰਾਹੀਂ 19.91 ਲੱਖ ਰੁਪਏ ਦੀ ਰਾਸ਼ੀ ਪ੍ਰਾਪਤ ਹੋਈ ਹੈ ਅਤੇ ਬਾਕੀ ਦੇ ਫੰਡ ਮੁਬਲਿਗ 87.35 ਲੱਖ ਰੁਪਏ ਨਗਰ ਨਿਗਮ ਫੰਡ ਵਿੱਚੋਂ ਖਰਚੇ ਜਾਣੇ ਹਨ। ਇਹ ਕੰਮ ਪਬਲਿਕ ਸਹੂਲਤ ਲਈ ਕਰਵਾਉਣੇ ਜਰੂਰੀ ਹਨ। ਪਰੰਤੂ ਜਨਰਲ ਹਾਊਸ ਦੀ ਮੀਟਿੰਗ ਨਾ ਹੋਣ ਕਾਰਨਨ ਇੰਨ੍ਹਾਂ ਕੰਮਾਂ ਦੀ ਪ੍ਰਸ਼ਾਸਕੀ ਪ੍ਰਵਾਨਗੀ ਅਜੇ ਤੱਕ ਪ੍ਰਾਪਤ ਨਹੀਂ ਹੋਈ ਹੈ। ਇਸ ਲਈ ਹਾਊਸ ਤੋਂ ਪ੍ਰਵਾਨਗੀ ਦੀ ਆਸ ਵਿੱਚ ਇੰਨ੍ਹਾਂ ਕੰਮਾਂ ਦੇ ਟੈਂਡਰ ਲਗਾਉਣ ਲਈ ਰਿਪੋਰਟ ਪੇਸ਼ ਹੈ ਜੀ।

ਉਕਤ ਸਬੰਧੀ ਸੀਨੀਅਰ ਡਿਪਟੀ ਮੇਅਰ-ਕਮ-ਕਾਰਜਕਾਰੀ ਮੇਅਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਮਿਤੀ 09.12.2023 ਨੂੰ ਹਾਊਸ ਤੋਂ ਪ੍ਰਵਾਨਗੀ ਦੀ ਆਸ ਵਿੱਚ ਮੰਨਜ਼ੂਰੀ ਦਿੱਤੀ ਗਈ ਹੈ।

ਕੇਸ ਹਾਊਸ ਦੀ ਜਾਣਕਾਰੀ ਅਤੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 261:** | ਪ੍ਰਵਾਨ ਹੈ। |

**ਏਜੰਡਾ ਨੰ: 4:**

ਰਿਪੋਰਟ ਦਫਤਰ ਅਤੇ ਵਰਕਸ ਸ਼ਾਖਾ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਅਤੇ ਹੋਰ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-

| Sr. No. | Name of Work | Estimate (in lac) |
|---|---|---|
| 1 | Construction of Room at Shaheed Bhagat Singh Park and Dadi Poti Park | 7.19 |
| 2 | P/F of Sign Board in various parts of Bathinda City | 30.73 |
| 3 | Construction of Shaheedi Smark at Rose Garden, Bathinda | 19.46 |
| 4 | Repair & Renovation of various Toilets in Zone No. 2,5,6 in Bathinda City | 16.96 |
| 5 | Repair & Renovation of various Toilets in Zone No. 1,3,4 in Bathinda City | 17.97 |
| 6 | Painting of Center Verge in Bathinda City | 28.45 |
| 7 | Repair and Renovation of various Parks in Zone No. 2 Bathinda City | 47.54 |
| 8 | Repair and Renovation of various Parks in Zone No. 1,3,4 Bathinda City | 43.74 |
| 9 | P/Laying Interlocing Tiles at Awa Basti Street No. 2 and its links and 4,5,6 and Sukhmani Streets Ward No. 22 | 25.05 |
| 10 | Repair and Reconstruction of Toilet Block at First floor in Machhi Market | 4.09 |
| 11 | P/L of 80mm Interlocking Tiles in remaining portion near Kali Mata Mandir Zone No. 2 | 8.82 |
| 12 | Re-carpeting of 100ft Road from Sahibzada Ajit Singh Chowk upto Bhagu Road | 198.90 |
| 13 | Repair and Renovation of varius Parks in Zone 5,6,7,8 Bathinda City | 36.29 |
| 14 | P/L Premix Carpet near Streets of Brar Bandhu Park, Shiv Colony Bathinda | 21.58 |
| 15 | P/L Premix Carpet Theke Wali Gali 5/! Basant Vihar and its link, Chandsar Basti Ward No. 32 | 11.75 |
| 16 | Repair of various RO Units, Filter, Membrane and other machinery in various RO Plants of Zone No. 1 to 4 Bathinda City | 48.64 |
| 17 | Provind and fixing of TrafficSignal at Police Line Chowk near ITI Overbridge | 6.06 |
| 18 | Const. of Canteen at Rose Garden | 53.00 |
| 19 | Supply and erection of Children playing equipments and open air gyms | 42.80 |

| | | |
|---|---|---|
| | in different parks of Bathinda City | |
| 20 | Supply of Street light maintenance material for Parks and other Parts of the city | 45.00 |
| 21 | P/Laying 20mm thick PC on Street No. 1 Janta Nagar Ward No. 47 Zone No. 6 | 12.44 |
| 22 | P/Laying Stone Mettel and 20mm tic PC on St. No. 2 & branches at Adarsh Nagar Ward No. 1 Zone No. 6 | 48.48 |
| 23 | P/Laying Stone Mettel @ 20mm thick PC on Strreet No. 18 Adarsh Nagar & Street Vishwas Nagar T-Point side Ward no. 1 Zone No. 6 | 24.62 |
| 24 | P/Laying Stone mettel & 20mm thick PC on Street No. 17 & branches of Adarsh NAgar Ward No. 1 Zone No. 6 | 48.35 |
| 25 | S/Laying 60mm thick Interlocking tiles on berms Street No. 9 Adarsh Nagar | 5.46 |
| 26 | P/Laying Stone Mettel & 20mm thic PC on street Maheshwari Colony Ward No. 4 Zone No. 5 | 41.80 |
| 27 | Repair of various RO units, Filter, Membrane and other Machinery in various RO Plants of Zone No. 5 to 8 of Bathinda City | 35.70 |
| 28 | Const. of mettled road and 20mm thick PC in different street of Kheta Singh Basti Zone No. 6 | 17.41 |
| 29 | Const. of mettled road and 20mm thick PC in different street of Hardev Nagar Zone No. 6 | 35.51 |
| 30 | S/Laying 60mm thick Interlocking Tiles in Bhagtuana St. No. 1A | 5.57 |
| 31 | P/Laying DB Paving on Street 10A Adarsh Nagar Zone No. 5 | 8.74 |
| 32 | Const. of mettled road and 20mm thick PC in different street of Sivian Road Zone No. 6 | 26.01 |
| 33 | S/Laying 60 mm thic Interlocking tiles in different Streets of Kheta Singh Basti | 25.56 |
| 34 | S/Laying 60mm thick Interlocking tiles on St. No. 14/2 Sucha Singh Nagar Zone No. 5 | 4.72 |
| 35 | P/Laying 60mm thick Interlocking Tiles on berms street Kheta Singh Basti and Hardev Nagar | 42.75 |
| 36 | Const. of mettled road & 20mm thick PC in St. No. 37/1 upto 37/5 Paras Ram Nagar Ward No. 45 Zone No. 6 | 49.83 |
| 37 | S/Laying 60mm thick I/L Tiles St. N. 2 Patti Jhutti St. No. 21/1 Multania Road St. No. 3 Bachan Colony Ward No. 42 Zone No. 7 | 14.15 |
| 38 | S/Laying 60mm thick Interlocking Tiles St. No. 0 Dharamshala Gali & Street No. 2 Paras Ram Nagar Mangla Street Ward No. 45 Zone No. 6 | 21.82 |
| 39 | Const. of mettled rad and 20mm thick PC in Rose Garden | 5.39 |
| 40 | S/Laying 60mm thick I/L Tiles in St. No. 381 & 33/4 in Ward No. 41 Zone No. 6 | 9.75 |
| 41 | Const. of mettled road & 20mm thick PC in Street Shakti Vihar Main Gali & St. No. 5/1 upto 5/9 Ward No. 4 Zone No. 5 | 23.02 |

| | | |
|---|---|---|
| 42 | S/Laying 60mm thick Inerlocking Tiles in St. No. 01/B/1 Surkhpir Road & Partap Nagar St. no. 5/7 Ward No. 39 Zone No. 6 | 13.13 |
| 43 | Const. of mettled road and 20mm thick PC in 21 & 22 Hans Nagar Ward No. 41 Zone No. 6 | 9.14 |
| 44 | Const. of mettled road and 20mm thick PC in st. No. 38/1 upto 38/5 Paras Ram Nagar Ward No. 45 Zone No. 6 | 29.55 |
| 45 | P/Laying Stone metal & 20mm thick PC on Street No. 3 & 7A Adarsh Nagar Ward No. 1 Zone No. 6 | 31.74 |
| 46 | Rough Cost Estimate of beautification of Sanguana Pond | 370.00 |
| 47 | Repair of drains lining at Sullage Carrier | 26.21 |
| 48 | De-Silting of Sullage Carrier | 5.80 |
| 49 | Repair & Renovation of Shaheed Jarnail Singh Chowk near Multania Flyover | 10.74 |
| 50 | P/L PC along Arya Samaj Chowk to Purana Thana | 12.97 |
| 51 | P/L Interlock Tiles on footpath/ berms at Model Town Ph-III From Dadi Poti Park to Machhi Chowk | 48.51 |
| 52 | Construction of Two Volleyball ground under ITI Flyover near T.V Tower Bathinda | 12.80 |
| 53 | P/L Profile Sheet around Lake No. 1 adjoining Malout Road Bridge Bathinda | 21.55 |
| 54 | P/L 60mm Interlocking Tiles at Model Town Ph-3 Market back side Town Pub. | 1.48 |
| 55 | Construction of Toilet Block at Truck Union near Hanuman Chowk | 9.62 |
| 56 | Widening of roads, removal of electric wires/ cables, poles and beautification of chowks at Hanuman Chowk and Major Nand Singh Chowk (Fauji Chowk) | 114.43 |
| 57 | Development of Jogger Park at Water Works Model Town Phase-1 | 300.00 |
| 58 | p/Laying Interlocking Tiles near Street near Mohit Sweets at Hazi Rattan Chowk | 4.90 |
| 59 | P/Laying DB Paving on Street Malout Road to Badal Road on Ring Road along Paris Enclave | 11.27 |
| 60 | S/Laying of 60mm thick I/L Tiles in Street No. 5 Amarpura Basti Ward No. 20 Zone No. 7 | 42.72 |
| 61 | Estimate of P/Laying 20mm thick PC Bhagat Singh Nagar St. No. 1,2,3,4 at Naruana Road Ward No. 21 Zone No. 7 | 12.67 |
| 62 | P/L of 20mm thick PC in opp. Canal Colony Street, Bandhu Bakery Wala Street, Adarh School Mandir Wali Street in Ward No. 21 Zone No. 7 | 9.50 |
| 63 | S/Laying of 60mm thick Interlocking Tiles in St. No. 4 Amarpura Basti, Ward No. 20 Zone No. 7 | 24.06 |
| 64 | E/Filling and DB Paving in Zone No. 7 Ward No. 20 opp St. No. 3 Partap Singh Dhillon | 3.16 |

| | | |
|---|---|---|
| 65 | P/Laying stone mettel & 20mm thick PC on Street Guga Medi Mandir, Ward No. 21 Zone No. 7 | 4.08 |
| 66 | P/Fixing of LED Street Lights for Raja Bagh, Adarsh Nagar in Bathinda City | 8.69 |
| 67 | P/Layuing 20mm thick PC in Gali Pipa Factory Wali & Guru Amardass Nagar St. No. 1 at Naruana Road Ward No. 20 Zone No. 7 | 5.63 |
| 68 | P/Laying Stone mettel & 20mm thick PC on Street Behman Pull upto Ring Road along Vishwas Nagar Zone No. 6 | 34.90 |
| 69 | P/L DB Paving on Street Padit Ude Ram Wali near Gurdwara Sahib Bhati Mati Dass Nagar & opposite Raja Hyundai Mansa Road Ward No. 16 Zone No. 7 | 7.08 |
| 70 | P/Laying Stone metal & 20mm thick PC on Street No. 18 Adarsh NAgar & Street Vishwas Nagar T-Point side Ward No. 1 Zone No. 6 | 24.66 |
| 71 | P/L PC in remaining streets of Jujhar Singh NAgar and Main Road | 47.20 |
| 72 | Purchase of Enamel Paint Welding Rod, Cutting Wheel, PVC Pipe 6” PVC Pipe 4” Paint Brush 4” TT Oil for MC Store for one year 2023-2024 | 10.54 |
| 73 | Rough Cost estimate P/L PC on Main Road of Model Town Phase-3 (Water Tank to MC House, Police Station to Machhi Chowk) | 44.10 |
| 74 | Supply of Drinking Water with Water Tankers in various parts of the city for one year. | 27.71 |
| 75 | Construction of Toilet block at Truck Union near Hanuman Chowk | 9.62 |
| 76 | Supply of 4th Class Workers in Municipal Corporation office for one year | 21.10 |
| 77 | Repair of various R.Os Buildings in Bathinda City | 39.90 |
| 78 | Const. of Municipal Library at Bathinda | 48.36 |
| 79 | Providing manpower for operation of Grab bucket De-silting machines for one year | 15.16 |
| 80 | Supply of labour for Diesel Engine at different parts in the city for one year | 10.10 |
| 81 | Supply of labour for Road Gang Branch for one year | 32.83 |
| 82 | Supply of labour for C&D Waste for one year | 10.10 |
| 83 | Supply of labour for Jogger Park Rose Garden & Green Waste Machine for one year | 82.91 |
| 84 | Supply of labour for Nirvna Estate, Verka Site & Model town Phase 4& Parks and under AMRUT Parks for one year | 48.82 |
| 85 | Supply of labour for Model Town Phase 3 Part II for one year | 42.09 |
| 86 | Supply of labour for City Parks, Safai Sewak for City Parks for one year | 82.07 |
| 87 | Supply of labour for Road Side Plantation for one year | 36.19 |
| 88 | Supply of 2 Nos. Heavy Vehicle Drivers for Fire Brigade | 4.22 |
| 89 | p/Laying Interlocking Tiles on Footpath/Berms on Santpura Road Ward No. 49 | 36.91 |

| | | |
|---|---|---|
| 90 | Cleaning of Road Gully Chambers in Zone No. 1 | 5.36 |
| 91 | Cleaning of Road Gully Chambers in Zone No. 2 | 7.14 |
| 92 | Cleaning of Road Gully Chambers in Zone No. 3 | 3.57 |
| 93 | Cleaning of Road Gully Chambers in Zone No. 4 | 4.46 |
| 94 | Cleaning of Road Gully Chambers in Zone No. 5 | 7.50 |
| 95 | Cleaning of Road Gully Chambers in Zone No. 6 | 10.71 |
| 96 | Cleaning of Road Gully Chambers in Zone No. 7 | 7.14 |
| 97 | Cleaning of Road Gully Chambers in Zone No. 8 | 5.36 |
| 98 | Genral repair of works of Civil works in Zone No. 3 | 22.50 |
| 99 | Genral repair of works of Civil works in Zone No. 4 | 24.60 |
| 100 | Genral repair of works of Civil works in Zone No. 5 | 22.80 |
| 101 | Genral repair of works of Civil works in Zone No. 6 | 26.48 |
| 102 | S/Laying 60mm thick Interlocking Tiles in St. No. 3,20/2,12/2 Paras Ram Nagar Zone No. 6 | 29.62 |
| 103 | Repair and Renovation of Rose Garden | 22.58 |
| 104 | P/Fixing Foot lights & Speakers arrangement in Rose Garden | 38.05 |
| 105 | Genral repair of works of Civil works in Zone No. 1 | 28.50 |
| 106 | Genral repair of works of Civil works in Zone No. 7 | 26.50 |
| 107 | Genral repair of works of Civil works in Zone No. 8 | 21.80 |
| 108 | Genral repair of works of Civil works in Zone No. 2 | 34.80 |
| 109 | Providing and laying PC in Model Town Phase-3 Pocket 1 vbackside market to Water Tank | 49.96 |
| 110 | Prooviding and laying PC in Model Town Phase-3 Pocket 3 Main 60 ft. road and 60 ft road to Ring Road | 49.97 |
| 111 | Prooviding and laying PC in Model Town Phase-3 Pocket 2 Backside Dadi Poti Park | 49.98 |
| 112 | Repair of Divider from Sahibzada Ajit Singh Chowk upto Power House Road 100 ft. | 16.94 |
| 113 | I/L Tiles in Street near EWS Quarter Model Town Phase-1 | 18.48 |

ਕੇਸ ਹਾਊਸ ਦੀ ਜਾਣਕਾਰੀ ਅਤੇ ਵਿਚਾਰ ਹਿੱਤ।

**ਸ੍ਰ: ਬਲਰਾਜ ਸਿੰਘ ਪੱਕਾ, ਕੌਂਸਲਰ ਵਾਰਡ ਨੰਬਰ 16 ਨੇ ਲੜੀ ਨੰਬਰ 79 ਤੋਂ 88 ਤੇ ਦਰਜ਼ ਕੰਮਾਂ ਨੂੰ ਸਹੀ ਢੰਗ ਨਾਲ ਕਰਵਾਉਣ ਲਈ ਕਮੇਟੀ ਬਨਾਉਣ ਦੀ ਮੰਗ ਕੀਤੀ।**

| | |
|---|---|
| ਮਤਾ ਨੰਬਰ 262: | 1. ਲੜੀ ਨੰਬਰ 23 ਅਤੇ 70<br>2. ਲੜੀ ਨੰਬਰ 55 ਅਤੇ 75<br>ਤੇ ਦਰਜ਼ ਇੱਕੋ ਕੰਮ ਦੋ ਵਾਰ ਦਰਜ਼ ਹੋਣ ਕਾਰਨ ਲੜੀ ਨੰਬਰ 70 ਅਤੇ 55 ਤੇ ਦਰਜ਼ ਕੰਮਾਂ ਨੂੰ ਰੱਦ ਕਰਦੇ ਹੋਏ ਬਾਕੀ ਦੇ 111 ਕੰਮ ਪ੍ਰਵਾਨ ਹਨ। |

| | |
|---|---|
| | ਉਕਤ ਤੋਂ ਇਲਾਵਾ ਹੇਠ ਲਿਖੇ ਅਨੁਸਾਰ ਵਿਕਾਸ ਦੇ ਕੰਮਾਂ ਦੀ ਵੀ ਪ੍ਰਵਾਨਗੀ ਦਿੱਤੀ ਜਾਂਦੀ ਹੈ।<br><table><tr><td>ਲੜੀ ਨੰ:</td><td>ਕੰਮ ਦਾ ਨਾਮ</td><td>ਤਖਮੀਨਾ (ਲੱਖਾਂ ਰੁਪਏ ਵਿੱਚ)</td></tr><tr><td>1.</td><td>**P/L Interlocking Tiles on Kacha bers in Model Town Phase-1 Ward No. 14**</td><td>16.22</td></tr><tr><td>2.</td><td>**Purchase of Machinery (Jetting, Suction, Grab Bucket Desilting etc.) for Sewerage Maintenance in Bathinda City**</td><td>91.00</td></tr><tr><td>3.</td><td>**Supply of manpower for Sewer Maintenance in Bathinda City for one year (Out of scope area under PWSSB).**</td><td>26.00</td></tr></table><br>ਇਹ ਵੀ ਪਾਸ ਕੀਤਾ ਜਾਂਦਾ ਹੈ ਕਿ ਲੜੀ ਨੰਬਰ 79 ਤੋਂ 88 ਤੇ ਦਰਜ਼ ਕੰਮਾਂ ਦੀ ਦੇਖਭਾਲ ਲਈ ਹੇਠ ਲਿਖੇ ਅਨੁਸਾਰ ਕੋਂਸਲਰ ਸਾਹਿਬਾਨ ਦੀ ਸਬ-ਕਮੇਟੀ ਬਣਾਈ ਜਾਂਦੀ ਹੈ:<br>1. ਸ਼੍ਰੀ ਬਲਰਾਜ ਸਿੰਘ ਪੱਕਾ<br>2. ਸ਼੍ਰੀ ਸੁਖਦੇਵ ਸਿੰਘ ਭੁੱਲਰ<br>3. ਸ਼੍ਰੀ ਹਰਵਿੰਦਰ ਸਿੰਘ |

ਏਜੰਡਾ ਨੰ: 5

ਰਿਪੋਰਟ ਵਰਕਸ ਮਾਨਯੋਗ ਸਕੱਤਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਜੀ ਦੇ DO No. 2858-05.10.2023 ਰਾਹੀਂ ਹਦਾਇਤ ਕੀਤੀ ਗਈ ਹੈ ਕਿ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਵੱਲੋਂ Sanantkar Milni ਕੀਤੀ ਗਈ ਸੀ। ਜਿਸ ਵਿੱਚ ਉਦਯੋਗਿਕ ਵਿਉਪਾਰੀਆਂ ਵੱਲੋਂ ਕੁੱਝ ਮੁੱਦੇ ਚੁੱਕੇ ਗਏ ਸਨ।ਇਸ ਤਹਿਤ ਨਿਗਮ ਅਧੀਨ ਆਉਂਦੇ Focal Points ਦੀ ਡਿਵੈਲਪਮੈਂਟ ਦੇ ਤਖਮੀਨੇ ਮੰਗੇ ਗਏ ਹਨ। ਬਠਿੰਡਾ ਗਰੋਥ ਸੈਂਟਰ (ਮਾਨਸਾ ਰੋਡ) ਅਤੇ ਫੋਕਲ ਪੁਆਇੰਟ (ਡਬਵਾਲੀ ਰੋਡ) ਨੂੰ ਡਿਵੈਲਪ ਕਰਨ ਲਈ ਵੱਖ-ਵੱਖ ਤਖਮੀਨੇ ਹੇਠ ਲਿਖੇ ਅਨੁਸਾਰ ਤਿਆਰ ਕੀਤੇ ਗਏ ਹਨ:

**(A) Municipal Corporation Works**

| Sr. No. | Name of Work | Estimate (in lac) |
|---|---|---|
| 1 | P/Laying PC in Internal Streets of Growth Centre at Mansa Road | 44.33 |
| 2 | P/Laying BC in Cargil factory to Warehouse road at Growth Centre | 49.47 |
| 3 | P/Laying BC in Balance portion of disposal road, Tata Factory road at Growth Centre | 49.07 |
| 4 | Rough Cost Estimate of laying Stone Metal & 20mm thick PC on Street Industrial Area Zone No. 8 | 49.28 |
| 5 | Development of Park in K block, Industrial Growth Centre Bathinda | 49.90 |
| 6 | Development of Park at Focal Point Dabwali Road | 31.43 |
| 7 | Strengthening of Street light network in industrial areas (ITI, Growth Centre & Focal Point) | 36.38 |

ਕੇਸ ਹਾਊਸ ਦੀ ਜਾਣਕਾਰੀ ਅਤੇ ਵਿਚਾਰ ਹਿੱਤ।

ਸ੍ਰ: ਬਲਰਾਜ ਸਿੰਘ ਪੱਕਾ, ਕੋਂਸਲਰ, ਵਾਰਡ ਨੰਬਰ 16 ਨੇ ਕਿਹਾ ਕਿਹਾ ਕਿ ਇਹ ਸਾਰੇ ਕੰਮ **AMRUT Project** ਅਧੀਨ ਜਾਂ ਪੰਜਾਬ ਸਰਕਾਰ ਪਾਸੋਂ ਫੰਡਜ਼ ਪ੍ਰਾਪਤ ਕਰਕੇ ਕਰਵਾਏ ਜਾਣ।

| | |
|---|---|
| ਮਤਾ ਨੰਬਰ 263: | ਪ੍ਰਵਾਨ ਹੈ। ਮਜ਼ੀਦ ਪਾਸ ਕੀਤਾ ਗਿਆ ਕਿ ਇਹ ਕੰਮ **AMRUT** ਸਕੀਮ ਅਧੀਨ ਜਾਂ ਸਰਕਾਰ ਪਾਸੋਂ ਗਰਾਂਟ ਪ੍ਰਾਪਤ ਕਰਕੇ ਕਰਵਾਏ ਜਾਣ। |

**ਏਜੰਡਾ ਨੰ: 6**

ਰਿਪੋਰਟ ਲੇਖਾ ਸ਼ਾਖਾ ਕਿ ਨਗਰ ਨਿਗਮ ਦੀਆਂ ਵੱਖ-ਵੱਖ ਸ਼ਾਖਾਵਾਂ ਨਾਲ ਸਬੰਧਤ ਹੇਠ ਲਿਖੇ ਅਨੁਸਾਰ ਆਡਿਟ ਪੈਰ੍ਹੇ ਪੈਡਿੰਗ ਹਨ:

1 :

ਰਿਪੋਰਟ ਲੇਖਾ ਸ਼ਾਖਾ ਕਿ ਆਡਿਟ ਪੈਰ੍ਹਾ ਨੰਬਰ 5(1)(ਕ) ਸਬੰਧੀ ਰਕਮ 238742/- ਰੁਪਏ ਵੱਟੇ ਖਾਤੇ ਪਾਉਣ ਸਬੰਧੀ ਰਿਪੋਰਟ ਹੈ ਕਿ ਇਸ ਸਮੇਂ ਦੋਰਾਨ ਚੂੰਗੀ ਮੈਸਰਜ਼ ਗੁਰਕ੍ਰਿਪਾਲ ਸਿੰਘ ਗੁਰਬਖਸ਼ਿਸ਼ ਸਿੰਗ ਐਂਡ ਕੰਪਨੀ ਨੂੰ ਠੇਕੇ ਤੇ ਦਿੱਤੀ ਹੋਈ ਸੀ। ਚੂੰਗੀ ਦੀ ਘੱਟ ਵਸੂਲੀ ਮੁਬਲਿਗ 238742/- ਰੁਪਏ ਦਰਸਾਈ ਗਈ ਹੈ। ਇਹ ਸਮੇਂ-ਸਮੇਂ ਜਾਰੀ ਹੋਈਆਂ 13 ਆਡਿਟ ਰਿਕੂਜੀਸ਼ਨਾਂ ਦੀ ਬਣਦੀ ਹੈ। ਜੇਕਰ ਇਸਦੀ ਵਸੂਲੀ ਕੀਤੀ ਜਾਂਦੀ ਹੈ ਤਾਂ ਇਸਦਾ ਸਿੱਧਾ ਲਾਭ ਠੇਕੇਦਾਰ ਨੂੰ ਹੋਣਾ ਸੀ। ਠੇਕੇਦਾਰ ਵੱਲੋਂ ਇਸ ਰਕਮ ਸਬੰਧੀ ਕਦੇ ਕੋਈ ਕਲੇਮ ਨਹੀਂ ਕੀਤਾ ਗਿਆ। ਨਗਰ ਨਿਗਮ ਬਠਿੰਡਾ ਨੂੰ ਕੋਈ ਵਿੱਤੀ ਨੁਕਸਾਨ ਨਹੀਂ ਹੋਇਆ ਹੈ। ਪੈਰ੍ਹਾ ਸੈਟਲ ਕਰਵਾਉਣ ਸਬੰਧੀ ਇਸ ਰਕਮ ਨੂੰ Waive off ਕਰਨ ਸਬੰਧੀ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

2 :

ਰਿਪੋਰਟ ਲੇਖਾ ਸ਼ਾਖਾ ਕਿ ਆਡਿਟ ਪੈਰ੍ਹਾ ਨੰਬਰ 5(2)(ਕ) ਸਬੰਧੀ ਰਕਮ 401706/- ਰੁਪਏ ਵੱਟੇ ਖਾਤੇ ਪਾਉਣ ਸਬੰਧੀ ਰਿਪੋਰਟ ਹੈ ਕਿ ਇਸ ਸਮੇਂ ਦੋਰਾਨ ਚੂੰਗੀ ਮੈਸਰਜ਼ ਦਲਜੀਤ ਸਿੰਘ ਹਰਪਾਲ ਸਿੰਘ ਨੂੰ ਠੇਕੇ ਤੇ ਦਿੱਤੀ ਹੋਈ ਸੀ। ਚੂੰਗੀ ਦੀ ਘੱਟ ਵਸੂਲੀ ਮੁਬਲਿਗ 401706/- ਰੁਪਏ ਦਰਸਾਈ ਗਈ ਹੈ। ਇਹ ਸਮੇਂ-ਸਮੇਂ ਜਾਰੀ ਹੋਈਆਂ 23 ਆਡਿਟ ਰਿਕੂਜੀਸ਼ਨਾਂ ਦੀ ਬਣਦੀ ਹੈ। ਜੇਕਰ ਇਸਦੀ ਵਸੂਲੀ ਕੀਤੀ ਜਾਂਦੀ ਹੈ ਤਾਂ ਇਸਦਾ ਸਿੱਧਾ ਲਾਭ ਠੇਕੇਦਾਰ ਨੂੰ ਹੋਣਾ ਸੀ। ਠੇਕੇਦਾਰ ਵੱਲੋਂ ਇਸ ਰਕਮ ਸਬੰਧੀ ਕਦੇ ਕੋਈ ਕਲੇਮ ਨਹੀਂ ਕੀਤਾ ਗਿਆ। ਨਗਰ ਨਿਗਮ ਬਠਿੰਡਾ ਨੂੰ ਕੋਈ ਵਿੱਤੀ ਨੁਕਸਾਨ ਨਹੀਂ ਹੋਇਆ ਹੈ। ਪੈਰ੍ਹਾ ਸੈਟਲ ਕਰਵਾਉਣ ਸਬੰਧੀ ਇਸ ਰਕਮ ਨੂੰ Waive off ਕਰਨ ਸਬੰਧੀ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

3 :

ਰਿਪੋਰਟ ਲੇਖਾ ਸ਼ਾਖਾ ਕਿ ਆਡਿਟ ਪੈਰ੍ਹਾ ਨੰਬਰ 5(5)(ਹ) ਸਬੰਧੀ ਰਿਪੋਰਟ ਹੈ ਕਿ ਆਡਿਟ ਇਤਰਾਜ਼ ਰਾਹੀਂ ਜੋ ਚੂੰਗੀ ਦੀ ਹੋਈ ਘੱਟ ਵਸੂਲੀ ਮੁਬਲਿਗ 11269/- ਰੁਪਏ ਦਰਸਾਈ ਗਈ ਹੈ। ਇਹ 10 ਆਡਿਟ ਰਿਕੂਜੀਸ਼ਨਾਂ ਦੀ ਬਣਦੀ ਹੈ। ਜੋ ਰਿਕੂਜੀਸ਼ਨ ਨੰਬਰ 32,67,80,89,105,130,149,174,195 ਅਤੇ 121 ਰਾਹੀਂ ਦਿਖਾਈ ਗਈ ਹੈ। ਇਹ ਸਾਲ 2000-2001 ਦੇ ਸਮੇਂ ਦੀਆਂ ਹਨ। ਹੁਣ ਇਹ ਵਸੂਲੀ Time Bar ਹੋ ਚੁੱਕੀ ਹੈ। ਜਿੰਨ੍ਹਾਂ ਕਰਮਚਾਰੀਆਂ ਵੱਲੋਂ ਇਹ ਘੱਟ ਵਸੂਲੀ ਕੀਤੀ ਗਈ ਹੈ ਜਾਂ ਤਾਂ ਰਿਟਾਇਰ ਹੋ ਚੁੱਕੇ ਹਨ ਜਾਂ ਮੌਤ ਹੋ ਚੁੱਕੀ ਹੈ। ਇਸ ਪੱਧਰ ਤੇ ਵਸੂਲੀ ਕਰਨੀ ਸੰਭਵ ਨਹੀਂ ਹੈ। ਸੋ, ਰਕਮ 11269/- ਰੁਪਏ ਵੱਟ ਖਾਤੇ ਪਾਉਣੀ ਬਣਦੀ ਹੈ। ਪੈਰ੍ਹਾ ਸੈਟਲ ਕਰਵਾਉਣ ਸਬੰਧੀ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

4 :

ਰਿਪੋਰਟ ਲੇਖਾ ਸ਼ਾਖਾ ਕਿ ਆਡਿਟ ਪੈਰ੍ਹਾ ਨੰਬਰ 5(5)(ਕ) ਸਬੰਧੀ ਰਕਮ 44667/- ਰਪੁਏ ਵੱਟੇ ਖਾਤੇ ਪਾਉਣ ਸਬੰਧੀ ਰਿਪੋਰਟ ਹੈ ਕਿ ਇਹ ਰਕਮ ਸਾਲ 2000-2001 ਦੋਰਾਨ ਚੂੰਗੀ ਦੀਆਂ ਜਾਰੀ ਕੀਤੀਆਂ ਰਸੀਦਾਂ ਵਿੱਚ ਚੂੰਗੀ ਦੀ ਦਰ ਦਾ ਫਰਕ ਹੋਣ ਕਾਰਨ ਕੱਢੀਆਂ ਕਮੀਆਂ ਨਾਲ ਸਬੰਧਤ ਹੈ। ਇਹ ਰਕਮ 20 ਸਾਲ ਤੋਂ ਵੀ ਜਿਆਦਾ ਪੁਰਾਣੀ ਅਤੇ Time Bar ਹੋ ਚੁੱਕੀ ਹੈ। ਇਸ ਪੱਧਰ ਤੇ ਵਸੂਲੀ ਕਰਨੀ ਸੰਭਵ ਨਹੀਂ ਹੈ। ਉਕਤ ਸਮੇਂ ਦੇ ਕਰਮਚਾਰੀਆਂ ਜਾਂ ਤਾਂ ਰਿਟਾਇਰ ਹੋ ਚੁੱਕੇ ਹਨ ਜਾਂ ਮੌਤ ਹੋ ਚੁੱਕੀ ਹੈ। ਇਸ ਲਈ ਜਿੰਮੇਵਾਰੀ ਫਿਕਸ ਨਹੀਂ ਕੀਤੀ ਜਾ ਸਕਦੀ। ਇਹ ਤਸਦੀਕ ਕੀਤਾ ਜਾਂਦਾ ਹੈ ਕਿ ਇਹ ਪੈਰ੍ਹੈ ਕਿਸੇ ਤਰਾਂ ਦੀ ਗਬਨ ਦੇ ਨਹੀਂ ਹਨ ਅਤੇ ਨਾ ਹੀ ਕਿਸੇ ਮੁਲਾਜ਼ਮ/ ਕਰਮਚਾਰੀ ਦੀ ਦੀ ਕੋਈ ਵਿਜ਼ੀਲੈਂਸ ਜਾਂ ਵਿਭਾਗੀ ਇਨਕੁਆਰੀ ਪੈਡਿੰਗ ਹੈ ਤੇ ਨਾ ਕੋਈ ਕੋਰਟ ਕੇਸ ਪੈਡਿੰਗ ਹੈ। ਇਸ ਲਈ ਇਹ ਰਕਮ ਵੱਟੇ ਖਾਤੇ ਪਾਉਣ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

5 :

ਰਿਪੋਰਟ ਲੇਖਾ ਸ਼ਾਖਾ ਕਿ ਆਡਿਟ ਪੈਰ੍ਹਾ ਨੰਬਰ 5(2)(ਹ) ਸਬੰਧੀ ਰਕਮ 11453/- ਰਪੁਏ ਵੱਟੇ ਖਾਤੇ ਪਾਉਣ ਸਬੰਧੀ ਰਿਪੋਰਟ ਹੈ ਕਿ ਇਹ ਪੈਰ੍ਹਾ ਸਾਲ 1999-2000 ਵਿੱਚ 10 ਰਿਕੂਜੀਸ਼ਨਾਂ ਜਾਰੀ ਕਰਕੇ ਚੂੰਗੀ ਦੀ ਘੱਟ ਵਸੂਲੀ ਮੁਬਲਿਗ 11453/- ਰੁਪਏ ਦੀ ਕਰਨ ਲਈ ਲਿਖਿਆ ਗਿਆ ਹੈ। ਇਸ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਸਰਕਾਰ ਵੱਲੋਂ ਸਾਲ 2006 ਵਿੱਚ ਚੂੰਗੀ ਖਤਮ ਕਰ ਦਿੱਤੀ ਗਈ ਸੀ। ਇਹ ਰਕਮ Time Bar ਹੋ ਚੁੱਕੀ ਹੈ। ਜਿਸ ਕਰਕੇ ਇਸ ਪੱਧਰ ਤੇ ਵਸੂਲੀ ਕਰਨੀ ਸੰਭਵ ਨਹੀਂ ਹੈ। ਇਸਤੋਂ ਇਲਾਵਾ ਇਹ ਦਸਣਾ ਵੀ ਯੋਗ ਹੋਵੇਗਾ ਕਿ ਇਸ ਸਮੇਂ

ਨਾਲ ਸਬੰਧਤ ਕਰਮਚਾਰੀ ਜਾਂ ਤਾਂ ਰਿਟਾਇਰ ਹੋ ਚੁੱਕੇ ਹਨ ਜਾਂ ਮੌਤ ਹੋ ਚੁੱਕੀ ਹੈ। ਇਹ ਤਸਦੀਕ ਕੀਤਾ ਜਾਂਦਾ ਹੈ ਕਿ ਇਹ ਪੈਰ੍ਹੇ ਕਿਸੇ ਤਰ੍ਹਾਂ ਦੇ ਗਬਨ ਦੇ ਨਹੀਂ ਹਨ ਅਤੇ ਨਾ ਹੀ ਕਿਸੇ ਮੁਲਾਜ਼ਮ/ ਕਰਮਚਾਰੀ ਦੀ ਕੋਈ ਵਿਜ਼ੀਲੈਂਸ ਜਾਂ ਵਿਭਾਗੀ ਇਨਕੁਆਰੀ ਪੈਡਿੰਗ ਹੈ ਅਤੇ ਨਾ ਹੀ ਕੋਰਟ ਕੇਸ ਪੈਡਿੰਗ ਹੈ। ਸੋ ਇਹ ਰਕਮ ਮੁਬਲਿਗ 11453/- ਰੁਪਏ Waive off ਕਰਨ ਲਈ ਮਾਮਲਾ ਹਾਊਸ ਦੇ ਧਿਆਨ ਵਿੱਚ ਲਿਆਉਣ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

<u>6 :</u>

ਰਿਪੋਰਟ ਲੇਖਾ ਸ਼ਾਖਾ ਕਿ ਆਡਿਟ ਪੈਰ੍ਹਾ ਨੰਬਰ 7(4)(ਅ) ਸਬੰਧੀ ਬੇਨਤੀ ਹੈ ਕਿ ਦੋਵੇਂ ਹੀ ਵਿਭਾਗ ਸਰਕਾਰੀ ਹਨ। ਵਿਭਾਗਾਂ ਵੱਲੋਂ ਕੋਈ ਘੋਸ਼ਣਾ ਨਾ ਦੇਣਾ ਆਪਣੇ ਆਪ ਵਿੱਚ ਸਪਸ਼ਟ ਕਰਦਾ ਹੈ ਕਿ ਉਸ ਸਮੇਂ ਦੌਰਾਨ ਪੈਟਰੋਲ/ਡੀਜ਼ਲ ਦੀ ਕੋਈ ਆਮਦ ਨਹੀਂ ਹੋਈ ਹੋਵੇਗੀ। ਇਹ ਇਤਰਾਜ਼ ਸੰਭਾਵਿਤ ਚੂੰਗੀ ਦੀ ਗੱਲ ਕਰਦਾ ਹੈ। ਸਪਸ਼ਟ ਚੂੰਗੀ ਬਾਰੇ ਨਹੀਂ (ਰਿਕਾਰਡ ਅਨੁਸਾਰ)। ਇਸ ਲਈ ਇਹ ਪੈਰ੍ਹਾ ਸੈਟਲ ਹੋਣ ਯੋਗ ਹੈ। ਪ੍ਰਵਾਨਗੀ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

ਉਕਤ ਅਨੁਸਾਰ ਆਡਿਟ ਪੈਰ੍ਹੇ ਸੈਟਲ ਕਰਨ ਖਾਤਰ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| <u>ਮਤਾ ਨੰਬਰ 264:</u> | ਪ੍ਰਵਾਨ ਹੈ। |

<u>ਏਜੰਡਾ ਨੰ: 7</u>

ਰਿਪੋਰਟ ਤਹਿਬਾਜਾਰੀ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਦੇ ਮਤਾ ਨੰਬਰ 29 ਮਿਤੀ 12.07.2021 ਦੇ ਸਬੰਧ ਵਿੱਚ ਬੇਨਤੀ ਹੈ ਕਿ ਰੋਜ਼ ਗਾਰਡਨ ਅਤੇ ਜੋਗਰ ਪਾਰਕ ਦੇ ਠੇਕੇ ਸਬੰਧੀ ਨਿਗਮ ਵੱਲੋਂ ਮਿਤੀ 06.11.2018 ਤੋਂ ਮਿਤੀ 05.11.2021 ਤੱਕ 3 ਸਾਲ ਲਈ ਪਾਰਕਿੰਗ ਦਾ ਠੇਕਾ ਸ਼੍ਰੀ ਮਹਿੰਦਰ ਪਾਲ ਬਾਂਸਲ ਪੁੱਤਰ ਸ਼੍ਰੀ ਸਤਪਾਲ ਵਾਸੀ ਬਠਿੰਡਾ ਨੂੰ ਦਿੱਤਾ ਹੋਇਆ ਸੀ। ਮਿਤੀ 21.03.2020 ਤੋਂ ਕੋਵਿਡ-19 ਕਾਰਨ ਲਾਕ-ਡਾਊਨ/ ਕਰਫਿਊ ਲਾਗੂ ਹੋਣ ਤੇ ਸਰਕਾਰ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਜਨਤਕ ਥਾਂਵਾਂ ਤੇ ਪਬਲਿਕ ਦਾ ਆਉਣਾ ਜਾਣਾ ਬੰਦ ਕਰ ਦਿੱਤਾ ਗਿਆ ਸੀ। ਉਕਤ ਹੁਕਮਾਂ ਦੀ ਪਾਲਣਾਂ ਕਰਦੇ ਹੋਏ ਠੇਕੇਦਾਰ ਵੱਲੋਂ ਪਾਰਕਿੰਗ ਦਾ ਕੰਮ ਵੀ ਬੰਦ ਕਰ ਦਿੱਤਾ ਗਿਆ ਸੀ। ਠੇਕੇਦਾਰ ਵੱਲੋਂ ਲਾਕ ਡਾਊਨ/ਕਰਫਿਊ ਦੌਰਾਨ ਕਿਸ਼ਤਾਂ ਦੀ ਮਾਫੀ ਦੀ ਮੰਗ ਕੀਤੀ ਗਈ ਸੀ। ਇਸ ਉਪਰੰਤ ਦਫਤਰ ਵੱਲੋਂ ਕਾਰਵਾਈ ਕਰਦੇ ਹੋਏ ਦਫਤਰ ਦੇ ਪੱਤਰ ਨੰਬਰ 1892 ਮਿਤੀ 31.07.2020 ਰਾਹੀਂ ਸਥਾਨਕ ਸਰਕਾਰ ਵਿਭਾਗ, ਪੰਜਾਬ ਚੰਡੀਗੜ੍ਹ ਨੂੰ ਠੇਕੇਦਾਰ ਦੀ ਮੰਗ ਅਨੁਸਾਰ ਠੇਕਾ ਕੈਂਸਲ ਕਰਨ ਲਈ ਅਤੇ 1,58,750/- ਰੁਪਏ ਦੀ ਸਕਿਉਰਟੀ ਵਾਪਸ ਕਰਨ ਫੈਸਲਾ ਲੈਣ ਤੇ ਯੋਗ ਰਹਿਬਰੀ ਦੇਣ ਲਈ ਪੱਤਰ ਲਿਖਿਆ ਗਿਆ ਸੀ, ਪਰੰਤੂ ਇਸ ਸਬੰਧੀ ਮੁੱਖ ਦਫਤਰ ਵੱਲੋਂ ਕੋਈ ਜਵਾਬ ਜਾਂ ਰਹਿਬਰੀ ਪ੍ਰਾਪਤ ਨਹੀਂ ਹੋਈ। ਠੇਕੇਦਾਰ ਵੱਲੋਂ ਮਿਤੀ 12.02.2021 ਨੂੰ ਬੇਨਤੀ ਕੀਤੀ ਗਈ ਕਿ ਉਸਦਾ ਠੇਕਾ ਅੱਗੇ ਤੋਂ ਚਾਲੂ ਕਰ ਦਿੱਤਾ ਜਾਵੇ, ਕਿਉਂਕ ਹੁਣ ਕੋਵਿਡ-19 ਦਾ ਖਤਰਾ ਘੱਟ ਗਿਆ ਹੈ। ਇਸ ਸਬੰਧੀ ਦਫਤਰੀ ਪੱਤਰ ਨੰਬਰ 77/ਐਡ ਮਿਤੀ 03.03.2021 ਰਾਹੀਂ ਉਕਤ ਪਾਰਕਿੰਗ ਦਾ ਠੇਕਾ ਮਿਤੀ 15.02.2021 ਤੋਂ continue ਕਰ ਦਿੱਤਾ ਗਿਆ ਸੀ।ਪਰੰਤੂ ਕਰੋਨਾ ਕਾਲ ਦੌਰਾਨ ਰੋਜ਼ ਗਾਰਡਨ ਅਤੇ ਜੋਗਰ ਪਾਰਕ ਬੰਦ ਰਹਿਣ ਕਾਰਨ ਠੇਕੇਦਾਰ ਤੋਂ ਪਾਰਕਿੰਗ ਫੀਸ ਵਸੂਲ ਨਹੀਂ ਹੋ ਪਾਈ। ਉਕਤ ਦੇ ਸਬੰਧ ਵਿੱਚ ਦਫਤਰ ਵੱਲੋਂ ਰਿਪੋਰਟ ਕੀਤੀ ਗਈ ਕਿ ਠੇਕੇਦਾਰ ਤੋਂ ਪਾਰਕਿੰਗ ਨੂੰ ਪਾਰਕਿੰਗ ਸਾਇਟਜ਼ ਦੇ ਮਿਤੀ 16.04.2021 ਤੋਂ 14.06.2021 ਤੱਕ ਬਣਦੀ ਪਾਰਕਿੰਗ ਫੀਸ 1,28,060/- ਰੁਪਏ ਮਾਫ ਕੀਤੀ ਜਾਣੀ ਬਣਦੀ ਹੈ।

ਇਹ ਕੇਸ ਪਹਿਲਾਂ ਵੀ ਮਤਾ ਨੰਬਰ 29 ਮਿਤੀ 12.07.2021 ਰਾਹੀਂ ਨਿਗਮ ਹਾਊਸ ਵੱਲੋਂ ਪ੍ਰਵਾਨ ਕੀਤਾ ਗਿਆ ਸੀ। ਇਸ ਦੇ ਸਬੰਧ ਵਿੱਚ ਦਫਤਰ ਸਥਾਨਕ ਸਰਕਾਰ ਵਿਭਾਗ, ਪੰਜਾਬ ਚੰਡੀਗੜ੍ਹ ਵੱਲੋਂ ਪ੍ਰਾਪਤ ਪੱਤਰ ਨੰਬਰ 06/11/2023-2ਸਸ1/869 ਮਿਤੀ 06.09.2023 ਰਾਹੀਂ ਲਿਖਿਆ ਗਿਆ ਹੈ ਕਿ ਉਕਤ ਕੇਸ ਨੂੰ ਦੁਬਾਰਾ ਹਾਊਸ ਦੀ ਮੀਟਿੰਗ ਵਿੱਚ ਵਿਚਾਰ ਲਿਆ ਜਾਵੇ। ਇਸ ਸਬੰਧੀ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਰਿਪੋਰਟ ਕੀਤੀ ਹੈ ਕਿ "As directed by Govt. Pl".

ਉਕਤ ਅਨੁਸਾਰ ਕੇਸ ਹਾਊਸ ਦੀ ਮੀਟਿੰਗ ਵਿੱਚ ਵਿਚਾਰ ਹਿੱਤ।

| | |
|---|---|
| <u>ਮਤਾ ਨੰਬਰ 265:</u> | ਪ੍ਰਵਾਨ ਹੈ। |

**ਏਜੰਡਾ ਨੰ: 8**

ਰਿਪੋਰਟ ਫਾਇਰ ਬ੍ਰਿਗੇਡ ਸ਼ਾਖਾ ਕਿ ਬਠਿੰਡਾ ਵਿੱਚ ਅਕਸਰ ਹੀ ਪ੍ਰਾਈਵੇਟ ਅਦਾਰਿਆਂ ਵੱਲੋਂ ਹੈਲੀਪੈਡ ਅਤੇ ਸਕੂਲ/ਕਾਲਜਾਂ ਵਿੱਚ ਫੰਕਸ਼ਨ ਤੇ ਫਾਇਰ ਟੈਂਡਰ ਦੀ ਮੰਗ ਕੀਤੀ ਜਾਂਦੀ ਹੈ, ਜਿਸਦਾ ਖਰਚਾ ਫਾਇਰ ਸਟੇਸ਼ਨ, ਨਗਰ ਨਿਗਮ ਬਠਿੰਡਾ ਨੂੰ ਆਪਣੇ ਪੱਧਰ ਤੇ ਕਰਨਾ ਪੈਂਦਾ ਹੈ। ਇਸ ਲਈ ਫਾਇਰ ਸਟੇਸ਼ਨ ਬਠਿੰਡਾ ਵੱਲੋਂ ਹੈਲੀਪੈਡ ਤੇ ਫਾਇਰ ਟੈਂਡਰ ਸਮੇਤ ਸਟਾਫ ਭੇਜਣ ਤੇ 04 ਘੰਟੇ ਦਾ ਚਾਰ ਜਾਂ ਘੱਟੋ-ਘੱਟ ਚਾਰਜ਼ 5000/- ਰੁਪਏ ਅਤੇ ਇਸਤੋਂ ਬਾਅਦ 1000/- ਰੁਪਏ ਪ੍ਰਤੀ ਘੰਟਾ ਚਾਰਜ਼ ਕੀਤੇ ਜਾਣ ਅਤੇ ਇਸੇ ਤਰ੍ਹਾਂ ਸਕੂਲਾਂ/ ਕਾਲਜਾਂ ਜਾਂ ਹੋਰ ਕੋਈ ਵੀ ਪ੍ਰਾਈਵੇਟ ਅਦਾਰਿਆਂ ਲਈ 1000/- ਰੁਪਏ ਪ੍ਰਤੀ ਘੰਟਾ ਫਾਇਰ ਚਾਰਜ਼ ਫਿਕਸ ਕਰਨ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| **ਮਤਾ ਨੰਬਰ 266:** | **ਪ੍ਰਵਾਨ ਹੈ।** |
|---|---|

**ਏਜੰਡਾ ਨੰ: 9**

ਦਫਤਰੀ ਰਿਪੋਰਟ ਕਿ ਸੁਪਰਡੰਟ, ਭਰਤੀ ਸੈਲ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਦੇ ਪੱਤਰ ਨੰਬਰ ਭਰਤੀ ਸੇਲ-ਡਸਸ-2023/471 ਮਿਤੀ 24.08.2023 ਲਿਖਿਆ ਹੈ ਕਿ "ਇਸ ਵਿਭਾਗ ਦੇ ਪੱਤਰ ਨੰ: ਭਰਤੀ ਸੈਲ-ਡਸਸ-2021/468 ਮਿਤੀ 30.09.2021, ਪੱਤਰ ਨੰ: ਭਰਤੀ ਸੈਲ-ਡਸਸ-2023/333 ਮਿਤੀ 23.06.2023 ਦੀ ਲਗਾਤਾਰਤਾ ਵਿੱਚ ਆਪ ਨੂੰ ਨਗਰ ਨਿਗਮਾਂ, ਨਗਰ ਕੌਂਸਲਾਂ- ਨਗਰ ਪੰਚਾਇਤਾਂ ਅਤੇ ਸਮੂਹ ਨਗਰ ਸੁਧਾਰ ਟਰੱਸਟਾਂ ਵਿਖੇ ਕਲਰਕ (ਆਈ.ਟੀ. ਲੇਖਾ ਅਤੇ ਲੀਗਲ) ਦੀਆਂ ਸਰਵਿਸ ਗਰੁੱਪ-ਸੀ ਦੀਆਂ ਆਸਾਮੀਆਂ ਭਰਨ ਸਬੰਧੀ, ਇਸ ਵਿਭਾਗ ਵੱਲੋਂ ਜਾਰੀ ਸਰਵਿਸ ਰੂਲਾਂ ਬਾਰੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਭੇਜਦੇ ਹੋਏ ਇੰਨ੍ਹਾਂ ਰੂਲਾਂ ਨੂੰ ਅਡਾਪਟ ਕਰਨ ਲਈ ਲਿਖਿਆ ਗਿਆ ਹੈ"।

ਉਕਤ ਅਨੁਸਾਰ ਸਰਕਾਰ ਵੱਲੋਂ ਸਰਵਿਸ ਰੂਲਜ਼ ਤਿਆਰ ਕੀਤੇ ਗਏ ਹਨ, ਜੋ ਕਿ ਹਾਊਸ ਤੋਂ ਪ੍ਰਵਾਨ ਕਰਵਾਉਣ ਉਪਰੰਤ ਸਰਕਾਰ ਪਾਸ ਭੇਜੇ ਜਾਣੇ ਹਨ।

THE EDUCATIONAL QUALIFICATION AND ELIGIBILITY CRITERIA FOR THE POST OF CLERK (ACCOUNTS) SHALL BE AS UNDER:

| Sr.No. | Designation of the Post | Pay Scale | Present qualification for the direct recruitment |
|---|---|---|---|
| 1 | Clerk (Accounts) | 19,900/- | Minimum<br>(i) Should be B.Com from recognized university or institution; or any other equivalent or higher qualification in the relevant discipline; and<br>(ii) Qualifies a competitive test to be held by the recruiting authority; and<br>(iii) Qualifies a test in Punjabi and English typing to be held by the recruiting authority at the speed of thirty words per minute or at such speed as may be specified by the Punjab Government from time to time and other conditions applicable as per the Punjab Civil Service (General and Common Conditions of Service) Rules 1994, as amended from time to time. |

The seniority of the Clerk, Clerk (IT), Clerk (Account) and Clerk (Legal) shall be common in cadre and the rules applicable for th e post of Clerk in the Corporations shall be applicable for all other purposes in regard to service of the Clerk (Accounts).

THE EDUCATIONAL QUALIFICATION AND ELIGIBILITY CRITERIA FOR THE POST OF CLERK (LEGAL) SHALL BE AS UNDER:

| Sr.No. | Designation of the Post | Pay Scale | Present qualification for the direct recruitment |
|---|---|---|---|
| 1 | Clerk (Legal)) | 19,900/- | (i) Should be a Law Graduate from from a recognized |

| | | | |
|---|---|---|---|
| | | | university or institution<br>(ii) Qualifies a competitive test to be held by the recruiting authority; and<br>(iii) Qualifies a test in Punjabi and English typing to be held by the recruiting authority at the speed of thirty words per minute or at such speed as may be specified by the Punjab Government from time to time and other conditions applicable as per the Punjab Civil Service (General and Common Conditions of Service) Rules 1994, as amended from time to time. |

The seniority of the Clerk, Clerk (IT), Clerk (Account) and Clerk (Legal) shall be common in cadre and the rules applicable for th e post of Clerk in the Corporations shall be applicable for all other purposes in regard to service of the Clerk (Legal).

THE EDUCATIONAL QUALIFICATION AND ELIGIBILITY CRITERIA FOR THE POST OF CLERK (INFORMATION TECHNOLOGY) SHALL BE AS UNDER:

| Sr.No. | Designation of the Post | Pay Scale | Present qualification for the direct recruitment |
|---|---|---|---|
| 1 | Clerk ( Information Technology) | 19,900/- | Minimum<br>(i) Should be B. Tech in Computer Science or B.Sc (Information Technology) or Bachelor of Computer application or a Graduate having Post Graduate Diploma in Computer. Application from recognized university or institution any other equivalent or higher qualification in the relevant discipline; and<br>(ii) Qualifies a competitive test to be held by the recruiting authority; and<br>(iii) Qualifies a test in Punjabi and English typing to be held by the recruiting authority at the speed of thirty words per minute or at such speed as may be specified by the Punjab Government from time to time and other conditions applicable as per the Punjab Civil Service (General and Common Conditions of Service) Rules 1994, as amended from time to time. |

The seniority of the Clerk, Clerk (IT), Clerk (Account) and Clerk (Legal) shall be common in cadre and the rules applicable for th e post of Clerk in the Corporations shall be applicable for all other purposes in regard to service of the Clerk (IT).

ਉਕਤ ਅਨੁਸਾਰ ਸਰਵਿਸ ਰੂਲਜ਼ ਅਡਾਪਟ ਕਰਨ ਖਾਤਰ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 267:** | **ਸਰਕਾਰ ਵੱਲੋਂ ਆਪਣੇ ਪੱਧਰ ਤੇ ਕੀਤੀ ਭਰਤੀ ਦੇ ਵਿਰੁੱਧ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਕੇਸ ਦਾਇਰ ਕੀਤਾ ਹੋਇਆ ਹੈ। ਇਸ ਲਈ ਪਾਸ ਕੀਤਾ ਜਾਂਦਾ ਹੈ ਕਿ ਇਸ ਸਬੰਧੀ ਪਹਿਲਾਂ ਕਾਨੂੰਨੀ ਰਾਏ ਲੈ ਲਈ ਜਾਵੇ। ਇਸ ਉਪਰੰਤ ਕਾਨੂੰਨੀ ਸਲਾਹਕਾਰ ਦੀ ਰਾਏ ਸਮੇਤ ਏਜੰਡਾ ਹਾਊਸ ਦੀ ਅਗਲੀ ਮੀਟਿੰਗ ਵਿੱਚ ਪੇਸ਼ ਕੀਤਾ ਜਾਵੇ। ਤੱਦ ਤੱਕ ਲਈ ਇਸ ਮੱਦ ਨੂੰ ਪੈਡਿੰਗ ਰੱਖਿਆ ਜਾਂਦਾ ਹੈ।** |

**ਏਜੰਡਾ ਨੰ: 10:**

ਰਿਪੋਰਟ ਵਾਟਰ ਸਪਲਾਈ ਅਤੇ ਸੀਵਰੇਜ਼ ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰਬਰ 2, ਬਠਿੰਡਾ ਵੱਲੋਂ ਆਪਣੇ ਪੱਤਰ ਨੰਬਰ 5171 ਮਿਤੀ 21.11.2023 ਰਾਹੀਂ Rehabilitation for providing & laying of 100mm, 150mm i/d DI K-7 Pipe at Old ITI and Rehabilitation & upgradation of 0.20 MGD WTP including Machinery at Bathinda ਲਈ 106.12 ਲੱਖ ਰੁਪਏ ਦਾ ਤਖਮੀਨਾ ਇਸ ਦਫਤਰ ਨੂੰ ਭੇਜਿਆ ਗਿਆ ਹੈ। ਮਾਨਯੋਗ ਹਾਊਸ ਦੀ ਪ੍ਰਵਾਨਗੀ ਤੋਂ ਬਿਨ੍ਹਾਂ ਕੋਈ ਵੀ ਅਦਾਇਗੀ ਨਹੀਂ ਕੀਤੀ ਜਾ ਸਕਦੀ। ਇਸ ਲਈ ਤਖਮੀਨਾ ਪ੍ਰਸ਼ਾਸਕੀ ਪ੍ਰਵਾਨਗੀ ਹਾਸਲ ਕਰਨ ਲਈ ਮਾਨਯੋਗ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 268:** | **ਪ੍ਰਵਾਨ ਹੈ।** |

**ਏਜੰਡਾ ਨੰ: 11:**

ਰਿਪੋਰਟ ਵਾਟਰ ਸਪਲਾਈ ਅਤੇ ਸੀਵਰੇਜ਼ ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰਬਰ 2, ਬਠਿੰਡਾ ਵੱਲੋਂ ਆਪਣੇ ਪੱਤਰ ਨੰਬਰ 5960 ਮਿਤੀ 20.12.2023 ਰਾਹੀਂ ਫੰਡਜ਼ ਦੇ ਪ੍ਰਬੰਧ ਲਈ ਸਲਾਨਾ ਦੇਖਭਾਲ ਦੇ ਤਖਮੀਨੇ ਭੇਜੇ ਗਏ ਹਨ:

| ਲੜੀ ਨੰ: | ਕੰਮ ਦਾ ਨਾਮ | ਰਕਮ (ਲੱਖਾਂ ਵਿੱਚ) |
|---|---|---|
| 1 | ਤਖਮੀਨਾ ਸਲਾਨਾ ਦੇਖਭਾਲ ਵ/ਸ ਸਕੀਮ ਨਿਰਵਾਣਾ ਅਸਟੇਟ ਬਠਿੰਡਾ ਬਾਬਤ ਸਾਲ 2024-25 (01.04.2024 ਤੋਂ 31.03.2025) | 5.33 |
| 2 | ਤਖਮੀਨਾ ਸਲਾਨਾ ਦੇਖਭਾਲ ਵ/ਸ ਸਕੀਮ ਮਿਲਕ ਪਲਾਂਟ, ਬਠਿੰਡਾ ਬਾਬਤ ਸਾਲ 2024-25 (01.04.2024 ਤੋਂ 31.03.2025) | 14.23 |
| 3 | ਤਖਮੀਨਾ ਸਲਾਨਾ ਦੇਖਭਾਲ ਵ/ਸ ਸਕੀਮ ਪੂਜਾਂ ਵਾਲਾ ਮੁੱਹਲਾ, ਬਠਿੰਡਾ ਬਾਬਤ ਸਾਲ 2024-25 (01.04.2024 ਤੋਂ 31.03.2025) | 14.36 |
| 4 | ਤਖਮੀਨਾ ਸਲਾਨਾ ਦੇਖਭਾਲ ਵ/ਸ ਅਤੇ ਸਵਿਰੇਜ਼ ਸਕੀਮ ਇੰਡਸਟਰੀਅਲ ਫੌਕਲ ਪੁਆਇੰਟ, ਬਠਿੰਡਾ ਬਾਬਤ ਸਾਲ 2024-25 (01.04.2024 ਤੋਂ 31.03.2025) | 16.02 |

ਮਾਨਯੋਗ ਹਾਊਸ ਦੀ ਪ੍ਰਵਾਨਗੀ ਤੋਂ ਬਿਨ੍ਹਾਂ ਕੋਈ ਵੀ ਅਦਾਇਗੀ ਨਹੀਂ ਕੀਤੀ ਜਾ ਸਕਦੀ। ਇਸ ਲਈ ਤਖਮੀਨਿਆਂਦੀ ਪ੍ਰਸ਼ਾਸਕੀ ਪ੍ਰਵਾਨਗੀ ਹਾਸਲ ਕਰਨ ਲਈ ਮਾਨਯੋਗ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 269:** | **ਪ੍ਰਵਾਨ ਹੈ।** |

**ਏਜੰਡਾ ਨੰ: 12:**

ਰਿਪੋਰਟ ਵਾਟਰ ਸਪਲਾਈ ਅਤੇ ਸੀਵਰੇਜ਼ ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰਬਰ 2, ਬਠਿੰਡਾ ਵੱਲੋਂ ਆਪਣੇ ਪੱਤਰ ਨੰਬਰ 4930-32 ਮਿਤੀ 09.11.2023 ਰਾਹੀਂ Estimate for laying of 250mm i/d DI K-9 Water Supply line from HBN colony Sushant City II and laying of 250mm i/d DI K-7 Rising Main from Sushant City II to Existing Shaft ner Sullage Carrier at Bathinda ਲਈ 517.98 ਲੱਖ ਰੁਪਏ ਦਾ ਤਖਮੀਨਾ ਇਸ ਦਫਤਰ ਨੂੰ ਭੇਜਿਆ ਗਿਆ ਹੈ। ਇੱਥੇ ਇਹ ਦਸਣਯੋਗ ਹੈ ਕਿ Sushant City II ਮਾਨਸਾ ਰੋਡ ਕਲੋਨੀ ਬੀ.ਡੀ.ਏ ਵਿਭਾਗ ਪਾਸੋਂ ਪ੍ਰਵਾਨਤ ਹੈ ਜੋ ਕਿ ਨਗਰ ਨਿਗਮ ਨੂੰ Handover ਨਹੀਂ ਹੋਈ ਹੈ। ਇਸ ਸਬੰਧੀ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਨੇ ਰਿਪੋਰਟ ਕੀਤੀ ਹੈ ਕਿ Submitted for A/A Pl. Estimate for providing Water Supply & Sewerage services for 517.98 lakhs has been received from PWSSB". ਮਾਨਯੋਗ ਹਾਊਸ ਦੀ ਪ੍ਰਵਾਨਗੀ ਤੋਂ ਬਿਨ੍ਹਾਂ ਕੋਈ ਵੀ ਅਦਾਇਗੀ ਨਹੀਂ ਕੀਤੀ ਜਾ ਸਕਦੀ। ਇਸ ਲਈ ਤਖਮੀਨਾ ਪ੍ਰਸ਼ਾਸਕੀ ਪ੍ਰਵਾਨਗੀ ਹਾਸਲ ਕਰਨ ਲਈ ਮਾਨਯੋਗ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 270:** | **ਪ੍ਰਵਾਨ ਹੈ।**<br>**ਮਜ਼ੀਦ ਪਾਸ ਕੀਤਾ ਗਿਆ ਕਿ ਇਹ ਕੰਮ AMRUT ਸਕੀਮ ਅਧੀਨ ਫੰਡਜ਼ ਪ੍ਰਾਪਤ ਕਰਕੇ ਕਰਵਾਇਆ ਜਾਵੇ।** |

**ਏਜੰਡਾ ਨੰ: 13:**

ਰਿਪੋਰਟ ਵਾਟਰ ਸਪਲਾਈ ਅਤੇ ਸੀਵਰੇਜ਼ ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰਬਰ 2, ਬਠਿੰਡਾ ਵੱਲੋਂ ਆਪਣੇ ਪੱਤਰ ਨੰਬਰ 5173 ਮਿਤੀ 21.11.2023 ਰਾਹੀਂ Rehabilitation for providing & laying of 100mm, 150mm, 200mm i/d & 250mm i/d DI K-7 Pipe at IGC Bathinda ਲਈ 279.14 ਲੱਖ ਰੁਪਏ ਦਾ ਤਖਮੀਨਾ ਇਸ ਦਫਤਰ ਨੂੰ ਭੇਜਿਆ ਗਿਆ ਹੈ। ਮਾਨਯੋਗ ਹਾਊਸ ਦੀ ਪ੍ਰਵਾਨਗੀ ਤੋਂ ਬਿਨ੍ਹਾਂ ਕੋਈ ਵੀ ਅਦਾਇਗੀ ਨਹੀਂ ਕੀਤੀ ਜਾ ਸਕਦੀ। ਇਸ ਲਈ ਤਖਮੀਨਾ ਪ੍ਰਸ਼ਾਸਕੀ ਪ੍ਰਵਾਨਗੀ ਹਾਸਲ ਕਰਨ ਲਈ ਮਾਨਯੋਗ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 271:** | **ਪ੍ਰਵਾਨ ਹੈ।**<br>**ਮਜ਼ੀਦ ਪਾਸ ਕੀਤਾ ਗਿਆ ਕਿ ਇਹ ਕੰਮ AMRUT ਸਕੀਮ ਅਧੀਨ ਫੰਡਜ਼ ਪ੍ਰਾਪਤ ਕਰਕੇ ਕਰਵਾਇਆ ਜਾਵੇ।** |

**ਏਜੰਡਾ ਨੰ: 14:**

ਰਿਪੋਰਟ ਵਾਟਰ ਸਪਲਾਈ ਅਤੇ ਸੀਵਰੇਜ਼ ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰਬਰ 1, ਬਠਿੰਡਾ ਵੱਲੋਂ ਆਪਣੇ ਪੱਤਰ ਨੰਬਰ 4354 ਮਿਤੀ 13.10.2023 ਰਾਹੀਂ Laying of Sewer Line, Construction of Manhole Chambers & Desilting of existing sewer at Growth Centre & Focal Point at Bathinda ਲਈ 93.93 ਲੱਖ ਰੁਪਏ ਦਾ ਤਖਮੀਨਾ ਇਸ ਦਫਤਰ ਨੂੰ ਭੇਜਿਆ ਗਿਆ ਹੈ। ਮਾਨਯੋਗ ਹਾਊਸ ਦੀ ਪ੍ਰਵਾਨਗੀ ਤੋਂ ਬਿਨ੍ਹਾਂ ਕੋਈ ਵੀ ਅਦਾਇਗੀ ਨਹੀਂ ਕੀਤੀ ਜਾ ਸਕਦੀ। ਇਸ ਲਈ ਤਖਮੀਨਾ ਪ੍ਰਸ਼ਾਸਕੀ ਪ੍ਰਵਾਨਗੀ ਹਾਸਲ ਕਰਨ ਲਈ ਮਾਨਯੋਗ ਹਾਊਸ ਦੇ ਵਿਚਾਰ ਹਿੱਤ।

| | |
|---|---|
| ਮਤਾ ਨੰਬਰ 272: | **ਪ੍ਰਵਾਨ ਹੈ।<br>ਮਜ਼ੀਦ ਪਾਸ ਕੀਤਾ ਗਿਆ ਕਿ ਇਹ ਕੰਮ AMRUT ਸਕੀਮ ਅਧੀਨ ਫੰਡਜ਼ ਪ੍ਰਾਪਤ ਕਰਕੇ ਕਰਵਾਇਆ ਜਾਵੇ।** |

**ਏਜੰਡਾ ਨੰ: 15:**

ਰਿਪੋਰਟ ਵਾਟਰ ਸਪਲਾਈ ਅਤੇ ਸੀਵਰੇਜ਼ ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰਬਰ 1, ਬਠਿੰਡਾ ਵੱਲੋਂ ਆਪਣੇ ਪੱਤਰ ਨੰਬਰ 4246 ਮਿਤੀ 10.10.2023 ਰਾਹੀਂ Raising of Existing Manhole in Bangi Nagar, Bathinda ਲਈ 41.59 ਲੱਖ ਰੁਪਏ ਦਾ ਤਖਮੀਨਾ ਇਸ ਦਫਤਰ ਨੂੰ ਭੇਜਿਆ ਗਿਆ ਹੈ। ਮਾਨਯੋਗ ਹਾਊਸ ਦੀ ਪ੍ਰਵਾਨਗੀ ਤੋਂ ਬਿਨ੍ਹਾਂ ਕੋਈ ਵੀ ਅਦਾਇਗੀ ਨਹੀਂ ਕੀਤੀ ਜਾ ਸਕਦੀ। ਇਸ ਲਈ ਤਖਮੀਨਾ ਪ੍ਰਸ਼ਾਸਕੀ ਪ੍ਰਵਾਨਗੀ ਹਾਸਲ ਕਰਨ ਲਈ ਮਾਨਯੋਗ ਹਾਊਸ ਦੇ ਵਿਚਾਰ ਹਿੱਤ।

| | |
|---|---|
| ਮਤਾ ਨੰਬਰ 273: | **ਪ੍ਰਵਾਨ ਹੈ।** |

**ਏਜੰਡਾ ਨੰ: 16:**

ਰਿਪੋਰਟ ਵਾਟਰ ਸਪਲਾਈ ਅਤੇ ਸੀਵਰੇਜ਼ ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰਬਰ 1, ਬਠਿੰਡਾ ਵੱਲੋਂ ਆਪਣੇ ਪੱਤਰ ਨੰਬਰ 4246 ਮਿਤੀ 10.10.2023 ਰਾਹੀਂ Laying of Branch Sewer line and Construction of house connections in Kheta Singh Basti, Guru Nanak Nagar and Joga Nand Road at Bathinda ਲਈ 40.51 ਲੱਖ ਰੁਪਏ ਦਾ ਤਖਮੀਨਾ ਇਸ ਦਫਤਰ ਨੂੰ ਭੇਜਿਆ ਗਿਆ ਹੈ। ਮਾਨਯੋਗ ਹਾਊਸ ਦੀ ਪ੍ਰਵਾਨਗੀ ਤੋਂ ਬਿਨ੍ਹਾਂ ਕੋਈ ਵੀ ਅਦਾਇਗੀ ਨਹੀਂ ਕੀਤੀ ਜਾ ਸਕਦੀ। ਇਸ ਲਈ ਤਖਮੀਨਾ ਪ੍ਰਸ਼ਾਸਕੀ ਪ੍ਰਵਾਨਗੀ ਹਾਸਲ ਕਰਨ ਲਈ ਮਾਨਯੋਗ ਹਾਊਸ ਦੇ ਵਿਚਾਰ ਹਿੱਤ।

| | |
|---|---|
| ਮਤਾ ਨੰਬਰ 274: | **ਪ੍ਰਵਾਨ ਹੈ।** |

**ਏਜੰਡਾ ਨੰ: 17:**

ਰਿਪੋਰਟ ਵਾਟਰ ਸਪਲਾਈ ਅਤੇ ਸੀਵਰੇਜ਼ ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰਬਰ 1, ਬਠਿੰਡਾ ਵੱਲੋਂ ਆਪਣੇ ਪੱਤਰ ਨੰਬਰ 4470 ਮਿਤੀ 18.10.2023 ਰਾਹੀਂ Estimate for Desilting of Existing Sewer line in various areas which is not maintained by TEIL (Noida) at Bathinda ਲਈ 128.16 ਲੱਖ ਰੁਪਏ ਦਾ ਤਖਮੀਨਾ ਇਸ ਦਫਤਰ ਨੂੰ ਭੇਜਿਆ ਗਿਆ ਹੈ। ਮਾਨਯੋਗ ਹਾਊਸ ਦੀ ਪ੍ਰਵਾਨਗੀ ਤੋਂ ਬਿਨ੍ਹਾਂ ਕੋਈ ਵੀ ਅਦਾਇਗੀ ਨਹੀਂ ਕੀਤੀ ਜਾ ਸਕਦੀ। ਇਸ ਲਈ ਤਖਮੀਨਾ ਪ੍ਰਸ਼ਾਸਕੀ ਪ੍ਰਵਾਨਗੀ ਹਾਸਲ ਕਰਨ ਲਈ ਮਾਨਯੋਗ ਹਾਊਸ ਦੇ ਵਿਚਾਰ ਹਿੱਤ।

**ਸ੍ਰ: ਬਲਰਾਜ ਸਿੰਘ ਪੱਕਾ, ਕੋਂਸਲਰ, ਵਾਰਡ ਨੰਬਰ 16 ਨੇ ਕਿਹਾ ਕਿ ਉਕਤ ਸਬੰਧੀ ਸਫਾਈ ਕਰਵਾਉਣ ਖਾਤਰ ਵਾਰਡ ਵਾਇਜ਼ ਤਖਮੀਨੇ ਬਣਾਏ ਜਾਣ। ਇਸਤੋਂ ਇਲਾਵਾ ਇਸ ਸਬੰਧੀ ਮਸ਼ੀਨੀਰੀ ਦੀ ਖਰੀਦ ਨਗਰ ਨਿਗਮ ਵੱਲੋਂ ਆਪਣੇ ਪੱਧਰ ਤੇ ਕੀਤੀ ਜਾਵੇ। ਉਹਨਾਂ ਟ੍ਰੈਕਟਰ/ਕੈਂਟਰ ਨਾਲ ਲੱਗਣ ਵਾਲੀਆਂ ਡੀ-ਸਿਲਟਿੰਗ ਕਰਨ ਵਾਲੀਆਂ ਮਸ਼ੀਨਾਂ ਦੀ ਖਰੀਦ ਕਰਨ ਲਈ ਕਿਹਾ। ਇਸਤੇ ਹਾਊਸ ਵੱਲੋਂ ਸਹਿਮਤੀ ਜਤਾਈ ਗਈ।**

| | |
|---|---|
| ਮਤਾ ਨੰਬਰ 275: | **ਪ੍ਰਵਾਨ ਹੈ। ਮਜ਼ੀਦ ਪਾਸ ਕੀਤਾ ਗਿਆ ਕਿ ਕੰਮ ਹੋਣ ਉਪਰੰਤ ਸਬੰਧਤ ਕੋਂਸਲਰ ਪਾਸੋਂ ਕੰਮ ਦੇ ਤਸੱਲੀਬਖਸ਼ ਹੋਣ ਸਬੰਧੀ ਤਸਦੀਕ ਕਰਨ ਤੋਂ ਬਾਅਦ ਹੀ ਕੀਤੇ ਗਏ ਕੰਮ ਦੀ ਅਦਾਇਗੀ ਕੀਤੀ ਜਾਵੇ।** |

**ਏਜੰਡਾ ਨੰ: 18:**

ਰਿਪੋਰਟ ਵਾਟਰ ਸਪਲਾਈ ਅਤੇ ਸੀਵਰੇਜ਼ ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰਬਰ 1, ਬਠਿੰਡਾ ਵੱਲੋਂ ਆਪਣੇ ਪੱਤਰ ਨੰਬਰ 4328 ਮਿਤੀ 12.10.2023 ਰਾਹੀਂ Laying of 150mm & 250mm i/d DI K-9 Water Supply line from Growth Centre to HBN Colony and Sewer line from HBN to Growth Centre at Bathida ਲਈ 290.85 ਲੱਖ ਰੁਪਏ ਦਾ ਤਖਮੀਨਾ ਇਸ ਦਫਤਰ ਨੂੰ ਭੇਜਿਆ ਗਿਆ ਹੈ। ਮਾਨਯੋਗ ਹਾਊਸ ਦੀ ਪ੍ਰਵਾਨਗੀ ਤੋਂ ਬਿਨ੍ਹਾਂ ਕੋਈ ਵੀ ਅਦਾਇਗੀ ਨਹੀਂ ਕੀਤੀ ਜਾ ਸਕਦੀ। ਇੱਥੇ ਇਹ ਦਸਣਯੋਗ ਹੈ ਕਿ HBN Colony, ਮਾਨਸਾ ਰੋਡ ਪੁੱਡਾ (ਬੀ.ਡੀ.ਏ) ਵਿਭਾਗ ਪਾਸੋਂ ਅਪਰੂਵਡ ਕਲੋਨੀ ਹੈ, ਜੋ ਕਿ ਅਜੇ ਨਗਰ ਨਿਗਮ ਨੂੰ ਹੈਂਡਓਵਰ ਨਹੀਂ ਹੋਈ ਹੈ। ਇਸ ਸਬੰਧੀ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਰਿਪੋਰਟ ਕੀਤੀ ਹੈ ਕਿ "May be put up to House. Also seek funds from BDA Limited to their obligation". ਇਸ ਲਈ ਤਖਮੀਨਾ ਪ੍ਰਸ਼ਾਸਕੀ ਪ੍ਰਵਾਨਗੀ ਹਾਸਲ ਕਰਨ ਲਈ ਮਾਨਯੋਗ ਹਾਊਸ ਦੇ ਵਿਚਾਰ ਹਿੱਤ।

| | |
|---|---|
| ਮਤਾ ਨੰਬਰ 276: | ਪ੍ਰਵਾਨ ਹੈ।<br>**ਮਜ਼ੀਦ ਪਾਸ ਕੀਤਾ ਗਿਆ ਕਿ ਇਹ ਕੰਮ AMRUT ਸਕੀਮ ਅਧੀਨ ਜਾਂ ਬੀ.ਡੀ.ਏ. ਪਾਸੋਂ ਫੰਡਜ਼ ਪ੍ਰਾਪਤ ਕਰਕੇ ਕਰਵਾਇਆ ਜਾਵੇ।** |

**ਏਜੰਡਾ ਨੰ: 19:**

ਰਿਪੋਰਟ ਵਾਟਰ ਸਪਲਾਈ ਅਤੇ ਸੀਵਰੇਜ਼ ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰਬਰ 1, ਬਠਿੰਡਾ ਵੱਲੋਂ ਆਪਣੇ ਪੱਤਰ ਨੰਬਰ 5104 ਮਿਤੀ 12.12.2023 ਰਾਹੀਂ Revised Estimate for for provding and laying of 16" i/d RCC NP-3 Pipe sewer with inside HDPE lining from Existing Sewer to Atma Enclave on Bir Road at Bathinda ਦਾ ਮੁਬਲਿਗ 34.27 ਲੱਖ ਰੁਪਏ ਦਾ ਪ੍ਰਾਪਤ ਹੋਇਆ ਹੈ। ਇਸ ਕੰਮ ਦਾ ਤਖਮੀਨਾ ਮੁਬਲਿਗ 30.983 ਲੱਖ ਰੁਪਏ ਦਾ ਮਾਨਯੋਗ ਹਾਊਸ ਦੇ ਮਤਾ ਨੰਬਰ 251 ਮਿਤੀ 06.09.2023 ਰਾਹੀਂ ਪਾਸ ਹੈ। ਮਾਨਯੋਗ ਮਾਨਯੋਗ ਹਾਊਸ ਦੀ ਪ੍ਰਵਾਨਗੀ ਤੋਂ ਬਿਨ੍ਹਾਂ ਕੋਈ ਵੀ ਅਦਾਇਗੀ ਨਹੀਂ ਕੀਤੀ ਜਾ ਸਕਦੀ। ਇਸ ਲਈ ਰਿਵਾਇਜ਼ ਤਖਮੀਨਾ ਮੁਬਲਿਗ 34.27 ਲੱਖ ਰੁਪਏ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਾਸਲ ਕਰਨ ਲਈ ਮਾਨਯੋਗ ਹਾਊਸ ਦੇ ਵਿਚਾਰ ਹਿੱਤ।

| | |
|---|---|
| ਮਤਾ ਨੰਬਰ 277: | ਪ੍ਰਵਾਨ ਹੈ। |

**ਏਜੰਡਾ ਨੰ: 20:**

ਰਿਪੋਰਟ ਵਰਕਸ ਸ਼ਾਖਾ ਕਿ it is reported that RDF (Reuse Derived Fuel) generated from the bioremediation of legacy waste is not being disposed off. In this regard, MCB requested PPCB official to bound local agencies/ industries/biomass plants in the vicinity of Bathinda to use this RDF. Senior Environmental Engineer, PPCB vide his Memo No. 3447-52 dated 06.11.2023, instructed Municipal Corporation Bathinda to install Shredder to acieve the requisite size of 25-30mm of the RDF material generated from legacy waste as per the requirement of biomass plants. As per direction, estimate has been prepared amounting Rs. 60.00 lacs + GST 18% = 70.80 lacs.

It is also reported that Municipal Corporation Bathinda needs additional 5 Tractors with Trollies for Horticulture Waste Management with the estimate amount of Rs. 35.00 lacs.

It is for your information and writing letter to CEO, PMIDC, Chandigarh for request to allocate the above mentioned amount of Rs. 70.80 + 35.00 = 105.80 lacs under SBM 1.0 from the savings already assigned under SBM limit to MCB.

ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| ਮਤਾ ਨੰਬਰ 278: | ਪ੍ਰਵਾਨ ਹੈ। |

**ਏਜੰਡਾ ਨੰ: 21:**

ਰਿਪੋਰਟ ਵਾਟਰ ਸਪਲਾਈ ਅਤੇ ਸੀਵਰੇਜ਼ ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰਬਰ 1, ਬਠਿੰਡਾ ਵੱਲੋਂ ਆਪਣੇ ਪੱਤਰ ਨੰਬਰ 3164 ਮਿਤੀ 04.08.2023 ਰਾਹੀਂ Estimate for Providing & Laying of 150mm i/d Di- K-7 Pipe Rising Main from Silver Oaks Colony to Existing manhole of 30 i/d PT Sewer on Bathinda-Bibi Wala Road at Bathinda ਰਾਹੀਂ ਸਿਲਵਰ ਓਕਸ ਕਲੋਨੀ ਦੇ ਸੀਵਰੇਜ਼ ਦੇ ਪਾਣੀ ਦੀ ਨਿਕਾਸੀ ਲਈ ਰਾਈਜ਼ਿੰਗ ਮੇਨ ਲਗਾ ਕੇ ਬੀਬੀ ਵਾਲਾ ਚੌਂਕ ਵਿਖੇ ਲੱਗੇ ਮੋਜੂਦਾ ਸੀਵਰ ਨਾਲ ਜੋੜ੍ਹਨ ਦਾ ਤਖਮੀਨਾ ਲਾਗਤ 127.02 ਲੱਖ ਰੁਪਏ ਦਾ ਪ੍ਰਾਪਤ ਹੋਇਆ ਹੈ। ਮੁੱਖ ਪ੍ਰਸ਼ਾਸਕ ਬੀ.ਡੀ.ਏ ਬਠਿੰਡਾ ਵੱਲੋਂ ਆਪਣੇ ਪੱਤਰ ਨੰਬਰ ਵ:ਮੁੱਪ੍ਰ: ਬੀਡੀਏ/ਬਠਿੰਡਾ/2023/7812 ਮਿਤੀ 30.11.2023 ਰਾਹੀਂ ਤਖਮੀਨੇ ਮੰਗੇ ਗਏ ਸਨ। ਨਗਰ ਨਿਗਮ ਵੱਲੋਂ ਅਪਾਣੇ ਪੱਤਰ ਨੰਬਰ 658 ਮਿਤੀ 07.12.2023 ਰਾਹੀਂ ਤਖਮੀਨੇ ਭੇਜਕੇ ਵਧੀਕ ਮੁੱਖ ਪ੍ਰਸ਼ਾਸਕ, ਬੀ.ਡੀ.ਏ ਬਠਿੰਡਾ ਪਾਸੋਂ ਫੰਡਜ਼ ਦੀ ਮੰਗ ਕੀਤੀ ਗਈ ਹੈ। ਮਾਨਯੋਗ ਹਾਊਸ ਤੋਂ ਤਖਮੀਨੇ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਾਸਲ ਕਰਨ ਲਈ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 279:** | **ਪ੍ਰਵਾਨ ਹੈ।**<br>**ਮਜ਼ੀਦ ਪਾਸ ਕੀਤਾ ਗਿਆ ਕਿ ਇਹ ਕੰਮ AMRUT ਸਕੀਮ ਅਧੀਨ ਜਾਂ ਬੀ.ਡੀ.ਏ ਪਾਸੋਂ ਫੰਡਜ਼ ਪ੍ਰਾਪਤ ਕਰਕੇ ਕਰਵਾਇਆ ਜਾਵੇ।** |

**ਏਜੰਡਾ ਨੰ: 22:**

ਰਿਪੋਰਟ ਵਾਟਰ ਸਪਲਾਈ ਅਤੇ ਸੀਵਰੇਜ਼ ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ, ਮੰਡਲ ਨੰਬਰ 2 ਬਠਿੰਡਾ ਦੇ ਪੱਤਰ ਨੰਬਰ 4584 ਮਿਤੀ 25.10.2023 ਰਾਹੀਂ 34.06 ਲੱਖ ਰੁਪਏ ਦਾ Estimate for Boring, Installation and Commissioning of One T/Wells size 300mm x 200mm dia with reserve Rotary Rig up to 200 mtr. deep including machinery complete in all respects at Kothe Amarpura Bathindaਪ੍ਰਾਪਤ ਹੋਇਆ ਹੈ। ਇਸ ਸਬੰਧੀ ਪਹਿਲਾਂ ਵੀ ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਮੰਡਲ ਨੰਬਰ 2, ਬਠਿੰਡਾ ਦੇ ਪੱਤਰ ਨੰਬਰ 2073 ਮਿਤੀ 08.08.2022 ਰਾਹੀਂ ਕੋਠੇ ਅਮਰਪੁਰਾ ਜੋਗਾਨੰਦ ਰੋਡ ਦੇ ਵਾਸੀਆਂ ਨੂੰ ਪੀਣ ਵਾਲਾ ਪਾਣੀ ਮੁੱਹਈਆ ਕਰਵਾਉਣ ਲਈ ਇੱਥੇ ਨਵਾਂ ਟਿਊਬਵੈਲ ਲਗਾਉਣ ਲਈ 25.16 ਲੱਖ ਰੁਪਏ ਤਖਮੀਨਾ ਪ੍ਰਾਪਤ ਹੋਇਆ ਸੀ, ਜੋ ਕਿ ਮਾਨਯੋਗ ਹਾਊਸ ਦੇ ਮਤਾ ਨੰਬਰ 124 ਮਿਤੀ 28.09.2022 ਰਾਹੀਂ ਪਾਸ ਹੈ।

ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 280:** | **ਪ੍ਰਵਾਨ ਹੈ।** |

**ਏਜੰਡਾ ਨੰ: 23:**

ਰਿਪੋਰਟ ਵਰਕਸ ਸ਼ਾਖਾ ਕਿ ਮਾਨਯੋਗ ਡਿਪਟੀ ਕਮਿਸ਼ਨਰ, ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਮਿਤੀ 19.12.2023 ਰਾਹੀਂ ਹੋਈ ਮੀਟਿੰਗ ਵਿੱਚ ਵਿਚਾਰ ਕੀਤਾ ਗਿਆ ਸੀ ਕਿ ਮਾਤਾ ਜੀਵੀ ਨਗਰ ਸਕੂਲ ਵਿੱਚ ਜਗ੍ਹਾ ਬਹੁਤ ਥੋੜੀ ਹੋਣ ਕਾਰਨ ਕਾਫੀ ਪਰੇਸ਼ਾਨੀਆਂ ਦਾ ਸਾਹਣਾ ਕਰਨਾ ਪੈਂਦਾ ਹੈ। ਇਸ ਲਈ ਪ੍ਰਾਇਮਰੀ ਸਕੂਲ ਦੇ ਪਿਛਲੇ ਪਾਸੇ ਨਾਲ ਲਗਦੀ ਰੋਜ਼ ਗਾਰਡਨ ਵਾਲੀ ਜਗ੍ਹਾ ਵਿੱਚੋਂ 1000 ਵ: ਗਜ਼ ਜਗ੍ਹਾ ਨਗਰ ਨਿਗਮ ਵੱਲੋਂ ਸਕੂਲ ਲਈ ਦਿੱਤੀ ਜਾਵੇ।

ਉਪਰੋਕਤ ਸਬੰਧੀ ਉੱਚ ਅਧਿਕਾਰੀਆਂ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ ਹੈ। ਨਗਰ ਨਿਗਮ ਵੱਲੋਂ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਮਾਲ ਰੋਡ ਦੀ 373.88 ਵ: ਗਜ਼ ਜਗ੍ਹਾ ਗਲੀ ਨੰਬਰ 6, ਨਵੀਂ ਬਸਤੀ (ਭਾਨਾ ਮੱਲ ਟਰੱਸਟ ਤੋਂ ਲੈ ਕੇ ਮਾਲ ਰੋਡ ਤੱਕ) ਨੂੰ ਚੌੜ੍ਹਾ ਕਰਨ ਹਿੱਤ ਲਈ ਜਾਣੀ ਹੈ। ਸੋ ਇਸ 373.88 ਵ: ਗਜ਼ ਜਗ੍ਹਾ ਸਿੱਖਿਆ ਵਿਭਾਗ ਤੋਂ ਲੈ ਕੇ ਇਸਦੇ ਬਦਲੇ ਰੋਜ਼ ਗਾਰਡਨ ਵਾਲੀ 1000 ਵ: ਗਜ਼ ਜਗ੍ਹਾ ਸਿੱਖਿਆ ਵਿਭਾਗ (ਪ੍ਰਾਇਮਰੀ ਸਕੂਲ ਮਾਤਾ ਜੀਵੀ ਨਗਰ) ਨੂੰ ਦੇ ਕੇ ਜਗ੍ਹਾ ਦਾ ਤਬਾਦਲਾ ਕੀਤਾ ਜਾਵੇ। ਉਪਰੋਕਤ ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਸੜ੍ਹਕ ਚੌੜ੍ਹੀ ਹੋਣ ਉਪਰੰਤ ਸਕੂਲ ਦੀ ਬਾਊਂਡਰੀ ਵਾਲ ਅਤੇ ਨਵਾਂ ਸਟਰੱਕਚਰ (ਕਮਰੇ ਆਦਿ) ਸਕੂਲ ਲਈ ਨਗਰ ਨਿਗਮ ਵੱਲੋਂ ਬਣਾ ਕੇ ਦਿੱਤਾ ਜਾਵੇ।

ਉਪਰੋਕਤ ਅਨੁਸਾਰ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 281:** | **ਪ੍ਰਵਾਨ ਹੈ।** |

**ਏਜੰਡਾ ਨੰ: 24:**

ਦਫਤਰੀ ਰਿਪੋਰਟ ਕਿ ਕਰਮਚਾਰੀਆਂ ਨਾਲ ਸਬੰਧਤ ਸਬ-ਕਮੇਟੀ ਦੀ ਮਿਤੀ 30.11.2023 ਨੂੰ ਹੋਈ ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ਕੇਸਾਂ ਤੇ ਵਿਚਾਰ ਕਰਨ ਉਪਰੰਤ ਫੈਸਲਾ ਕੀਤਾ ਗਿਆ:

1 :

ਰਿਪੋਰਟ ਸਿਹਤ ਸ਼ਾਖਾ ਕਿ ਸਵ: ਬਿਮਲਾ ਪਤਨੀ ਹੰਸ ਰਾਜ ਸਰਵਿਸ ਨੰਬਰ 643 ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਿਕਾ ਕੰਮ ਕਰਦੀ ਸੀ, ਜਿਸਦੀ ਮੌਤ ਮਿਤੀ 08.07.2022 ਨੂੰ ਹੋਈ ਸੀ। ਮ੍ਰਿਤਕ ਕਰਮਚਾਰਣ ਦਾ ਪੁੱਤਰ ਸ਼੍ਰੀ ਮੁਕੇਸ਼ ਕੁਮਾਰ ਪੁੱਤਰ ਸ਼੍ਰੀ ਹੰਸ ਰਾਜ ਨੇ ਪੱਤਰ ਨੰਬਰ 9115 ਮਿਤੀ 14.11.2022 ਨੂੰ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੀ ਮਾਤਾ ਦੀ ਮੌਤ ਤੋਂ ਬਾਅਦ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਜਿਸ ਵਿੱਚ ਸ਼੍ਰੀ ਮੁਕੇਸ਼ ਕੁਮਾਰ ਨੇ ਆਪਣਾ ਖੁੱਦ ਅਤੇ ਆਪਣੇ ਪਿਤਾ ਦੇ ਕਾਨੂੰਨੀ ਵਾਰਸ ਹੋਣ ਦਾ ਜਿਕਰ ਕੀਤਾ ਸੀ। ਮਿਤੀ 20.03.2023 ਨੂੰ ਜਨਰਲ ਹਾਊਸ ਦੀ ਮੀਟਿੰਗ ਹੋਈ, ਜਿਸ ਵਿੱਚ ਮਤਾ ਨੰਬਰ 192 ਦੇ ਤਹਿਤ ਉਮੀਦਵਾਰ ਦੀ ਦਰਖਾਸਤ ਨੂੰ ਪਾਸ ਕਰਨ ਦੀ ਸਿਫਾਰਸ਼ ਕੀਤੀ ਗਈ ਅਤੇ ਡਾਇਰੈਕਟੋਰੇਟ, ਸਥਾਨਕ ਸਰਕਾਰ ਵਿਭਾਗ, ਪੰਜਾਬ ਦੇ ਪੱਤਰ ਨੰ: ਸ5-ਡਸਸ-ਮਸਸ-2023/31062 ਮਿਤੀ 02.06.2023 ਰਾਹੀਂ ਉਮੀਦਵਾਰ ਨੂੰ ਤਰਸ ਦੇ ਆਧਾਰ ਤੇ ਨੌਕਰੀ ਦੇਣ ਸਬੰਧੀ ਕਾਰਵਾਈ ਨੂੰ ਅਮਲ ਵਿੱਚ ਲਿਆਉਣ ਦੇ ਹੁਕਮ ਜਾਰੀ ਹੋਏ ਸਨ। ਪਰੰਤੂ ਇਸੇ ਸਮੇਂ ਦੌਰਾਨ ਦਫਤਰ ਨੂੰ ਪੱਤਰ ਨੰ: 3009 ਮਿਤੀ 30.05.2023 ਨੂੰ ਐਡਵੋਕੇਟ ਸ਼੍ਰੀ ਗਣੇਸ਼ ਦੱਤ ਸ਼ਰਮਾ ਦਾ ਪੱਤਰ ਪ੍ਰਾਪਤ ਹੋਇਆ, ਜਿਸ ਅਨੁਸਾਰ ਉਮੀਦਵਾਰ ਦੀ ਦਰਖਾਸਤ ਸਬੰਧੀ ਸਵ: ਬਿਮਲਾ ਦੇ ਹੋਰ ਵਾਰਸਾਂ ਦਾ ਜਿਕਰ ਕੀਤਾ ਗਿਆ। ਦਫਤਰ ਵੱਲੋਂ ਉਮੀਦਵਾਰ ਨੂੰ ਪੱਤਰ ਲਿਖਿਆ ਗਿਆ, ਜਿਸਦੇ ਜਵਾਬ ਵਿੱਚ ਉਮੀਦਵਾਰ ਨੇ ਆਪਣੇ ਦੋ ਭਰਾ ਅਤੇ ਇੱਕ ਭੈਣ ਕਾਨੂੰਨੀ ਵਾਰਸ ਹੋਣ ਤੇ ਸਹਿਮਤੀ ਦਿੱਤੀ ਜੋ ਕਿ ਪਹਿਲਾਂ ਵਾਲੀ ਦਰਖਾਸਤ ਵਿੱਚ ਨਹੀਂ ਦਿੱਤੀ ਗਈ ਸੀ। ਉਮੀਦਵਾਰ ਵੱਲੋਂ ਹੁਣ ਨਵਾਂ ਵਾਰਸਨਾਮਾ ਦਰੁੱਸਤ ਕਰਵਾ ਕੇ ਅਤੇ ਬਾਕੀ ਵਾਰਸਾਂ ਵੱਲੋਂ ਇਤਰਾਜ਼ਹੀਣਤਾ ਹਲਫੀਆ ਬਿਆਨ ਜਮ੍ਹਾਂ ਕਰਵਾ ਦਿੱਤੇ ਗਏ ਹਨ। ਇਸ ਲਈ ਸ਼੍ਰੀ ਮੁਕੇਸ਼ ਕੁਮਾਰ ਨੂੰ ਉਸਦੀ ਮਾਤਾ ਸਵ: ਬਿਮਲਾ ਪਤਨੀ ਹੰਸ ਰਾਜ ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸਫਾਈ ਸੇਵਕ ਨਿਯੁਕਤ ਕਰਨ ਵਾਸਤੇ ਮਾਨਯੋਗ ਕਮਿਸ਼ਨਰ ਵੱਲੋਂ ਗਠਿਤ ਤਿੰਨ ਮੈਂਬਰੀ ਕਮੇਟੀ (ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ), ਏਰੀਆ ਸੈਨਟਰੀ ਇੰਸਪੈਕਟਰ ਅਤੇ ਏਰੀਆ ਐਮ.ਸੀ) ਤੋਂ ਰਿਪੋਰਟ ਲੈਣ ਅਤੇ ਕੇਸ ਤੇ ਮੁੜ੍ਹ ਤੋਂ ਵਿਚਾਰ ਕਰਨ ਲਈ ਰਿਪੋਰਟ ਕੀਤੀ ਗਈ।

ਕਮੇਟੀ ਵੱਲੋਂ ਰਿਪੋਰਟ ਕੀਤੀ ਗਈ ਹੈ ਕਿ "ਉਕਤ ਸਬੰਧੀ ਮੁੱਹਲੇ ਵਿੱਚੋਂ ਪੜਤਾਲ ਕੀਤੀ ਗਈ,ਜਿਸਤੋਂ ਪਤਾ ਲਗਿਆ ਕਿ ਮ੍ਰਿਤਕ ਬਿਮਲਾ ਪਤਨੀ ਹੰਸ ਰਾਜ ਜੋ ਕਿ ਨਗਰ ਨਿਗਮ ਵਿਖੇ ਬਤੌਰ ਸਫਾਈ ਸੇਵਿਕਾ ਕੰਮ ਕਰਦੀ ਸੀ। ਜਿਸਦੀ ਮੌਤ ਮਿਤੀ 08.07.2022 ਨੂੰ ਹੋ ਗਈ ਹੈ। ਉਸਦੇ (5) ਪੰਜ ਕਾਨੂੰਨੀ ਵਾਰਸ ਹਨ, ਜਿੰਨ੍ਹਾਂ ਵਿੱਚੋਂ ਉਸਦੇ ਪਤੀ ਤੋਂ ਇਲਾਵਾ ਇੱਕ ਲੜਕੀ ਅਤੇ ਦੋ ਲੜਕੇ ਦਰਖਾਸਤ ਕਰਤਾ ਤੋਂ ਅਲਗ ਹਨ। ਜਿੰਨ੍ਹਾਂ ਨੇ ਮੁਕੇਸ਼ ਕੁਮਾਰ ਦੇ ਹੱਕ ਵਿੱਚ ਹਲਫੀਆ ਬਿਆਨ ਦਿੱਤਾ ਹੈ ਕਿ ਇਸਨੂੰ ਤਰਸ ਦੇ ਆਧਾਰ ਤੇ ਨੌਕਰੀ ਦੇਣ ਤੇ ਸਾਨੂੰ ਕੋਈ ਇਤਰਾਜ਼ ਨਹੀਂ ਹੈ। ਇਸ ਲਈ ਮੁਕੇਸ਼ ਕੁਮਾਰ ਪੁੱਤਰ ਹੰਸ ਰਾਜ ਨੂੰ ਤਰਸ ਦੇ ਆਧਾਰ ਤੇ ਨੌਕਰੀ ਦੇਣ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| **ਸਬ-ਕਮੇਟੀ ਦਾ ਫੈਸਲਾ:** | **ਨਿਯਮਾਂ ਅਨੁਸਾਰ ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |
| **ਹਾਊਸ ਦਾ ਫੈਸਲਾ :** | **ਸਬ-ਕਮੇਟੀ ਦਾ ਫੈਸਲਾ ਪ੍ਰਵਾਨ ਹੈ।** |

2 :

ਰਿਪੋਰਟ ਸਿਹਤ ਸ਼ਾਖਾ ਕਿ ਸਵ: ਰਮੇਸ਼ ਪੁੱਤਰ ਰਾਮ ਕਿਸ਼ਨ ਸਰਵਿਸ ਨੰਬਰ 741 ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਕ ਕੰਮ ਕਰਦਾ ਸੀ। ਜਿਸਦੀ ਮੌਤ ਮਿਤੀ 10.08.2022 ਨੂੰ ਹੋਈ ਸੀ। ਮ੍ਰਿਤਕ ਕਰਮਚਾਰੀ ਦੇ ਪੁੱਤਰ ਸ਼੍ਰੀ ਸੁਨੀਲ ਪੁੱਤਰ ਸ਼੍ਰੀ ਰਮੇਸ਼ ਨੇ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਸੁਨੀਲ ਪੁੱਤਰ ਸ਼੍ਰੀ ਰਮੇਸ਼ ਵੱਲੋਂ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸਤੋਂ ਇਲਾਵਾ ਉਸਦੀ ਮਾਤਾ, ਇੱਕ ਭੈਣ ਅਤੇ ਇੱਕ ਭਰਾ ਹੈ। ਜਿੰਨ੍ਹਾਂ ਵੱਲੋਂ ਇਤਰਾਜ਼ਹੀਨਤਾ ਹਲਫੀਆ ਬਿਆਨ ਦਿੱਤਾ ਗਿਆ ਹੈ ਕਿ ਸ਼੍ਰੀ ਸੁਨੀਲ ਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਸੁਨੀਲ ਅਤੇ ਉਸਦਾ ਪੂਰਾ ਪਰਿਵਾਰ ਆਪਣੇ ਪਿਤਾ ਤੇ ਨਿਰਭਰ ਸੀ। ਹਲਫੀਆ ਬਿਆਨ ਅਨੁਸਾਰ ਸ਼੍ਰੀ ਸੁਨੀਲ ਬੇਰੋਜ਼ਗਾਰ ਹੈ ਅਤੇ ਇਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਇੰਨ੍ਹਾਂ ਦੇ ਘਰ ਦਾ ਗੁਜ਼ਾਰਾ ਬਹੁਤ ਮੁਸ਼ਕਿਲ ਨਾਲ ਚੱਲਦਾ ਹੈ। ਹਲਫੀਆ ਬਿਆਨ ਅਨੁਸਾਰ ਇੰਨ੍ਹਾਂ ਦੇ ਘਰ ਵਿੱਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ-ਸਰਕਾਰੀ ਨੌਕਰੀ ਨਹੀਂ ਕਰਦਾ ਹੈ। ਇਸਤੋਂ ਇਲਾਵਾ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀਂ ਹੈ। ਆਧਾਰ ਕਾਰਡ ਅਨੁਸਾਰ ਇਸਦੀ ਜਨਮ ਮਿਤੀ 01.01.2000 ਹੈ ਅਤੇ ਸ਼੍ਰੀ ਸੁਨੀਲ ਪੜ੍ਹਨਾ ਲਿਖਣਾ ਜਾਣਦਾ ਹੈ। ਨਿਗਰਾਨ ਇੰਜੀਨੀਅਰ ਸਾਹਿਬ ਦੀ ਰਿਪੋਰਟ ਮਿਤੀ 26.06.2023 ਰਾਹੀਂ ਤਰਸ ਦੇ ਆਧਾਰ ਤੇ ਨੌਕਰੀ ਦੇਣ ਸਬੰਧੀ ਵਿਚਾਰਨ ਲਈ ਪਾਸ ਕੀਤਾ ਗਿਆ ਹੈ। **ਇੱਥੇ ਇਹ ਦਸਣਯੋਗ ਹੈ ਕਿ ਸ਼੍ਰੀ ਸੁਨੀਲ ਵੱਲੋਂ ਨੌਕਰੀ ਸਬੰਧੀ ਦਿੱਤੀ ਦਰਖਾਸਤ ਜੋ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ 6 ਮਹੀਨੇ ਅੰਦਰ ਦੇਣੀ ਹੁੰਦੀ ਹੈ। ਇੰਨ੍ਹਾਂ ਨੇ ਆਪਣੇ ਘਰੇਲੂ ਨਿੱਜੀ ਕਾਰਨਾਂ ਕਰਕੇ ਫਾਇਲ ਲੇਟ ਅਪਲਾਈ ਕੀਤੀ ਹੈ ਅਤੇ ਹੁਣ ਇਹ ਦਰਖਾਸਤ ਮਿਆਦ ਅੰਦਰ ਨਹੀਂ ਹੈ।**

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ਼ 1984 ਅਨੁਸਾਰ ਸਫਾਈ ਸੇਵਕ ਆਸਾਮੀ ਲਈ ਵਿੱਦਿਅਕ ਯੋਗਤਾ ਪੜ੍ਹਣਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵੱਲੋਂ ਜਾਰੀ ਹਦਾਇਤਾਂ ਪੱਤਰ ਨੰ: 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁਕਤੀ ਦਾ ਅਧਿਕਾਰ ਸਬੰਧਤ ਨਗਰ ਨਿਗਮ ਪਾਸ ਹੈ। ਇਸ ਸਬੰਧੀ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਨੇ ਰਿਪੋਰਟ ਕੀਤੀ ਹੈ ਕਿ "Deceased was the only bread earner for the family, may be allowed please."

ਉਕਤ ਅਨੁਸਾਰ ਸ੍ਰੀ ਸੁਨੀਲ ਨੂੰ ਉਸਦੇ ਪਿਤਾ ਸਵ: ਰਮੇਸ਼ ਪੁੱਤਰ ਰਾਮ ਕਿਸ਼ਨ ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸਫਾਈ ਸੇਵਕ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਰਿਪੋਰਟ ਪੇਸ਼ ਹੈ ਜੀ।

| | |
|---|---|
| ਸਬ-ਕਮੇਟੀ ਦਾ ਫੈਸਲਾ: | ਦਫਤਰੀ ਰਿਪੋਰਟ ਮੁਤਾਬਿਕ ਤਰਸ ਦੇ ਆਧਾਰ ਤੇ ਨੌਕਰੀ ਖਾਤਰ ਦਰਖਾਸਤ 06 ਮਹੀਨਿਆਂ ਅੰਦਰ ਦੇਣੀ ਹੁੰਦੀ ਹੈ। ਇਹ ਦਰਖਾਸਤ ਮਿਆਦ ਅੰਦਰ ਨਹੀਂ ਹੈ। ਇਸ ਲਈ ਦਫਤਰ ਵੱਲੋਂ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇ। ਤੱਦ ਤੱਕ ਲਈ ਇਸ ਮੱਦ ਨੂੰ ਪੈਡਿੰਗ ਰੱਖਿਆ ਜਾਂਦਾ ਹੈ। |
| ਹਾਊਸ ਦਾ ਫੈਸਲਾ : | ਸਬ-ਕਮੇਟੀ ਦਾ ਫੈਸਲਾ ਪ੍ਰਵਾਨ ਹੈ। |

3 :

ਰਿਪੋਰਟ ਸਿਹਤ ਸ਼ਾਖਾ ਕਿ ਸ਼ੀਲਾ ਪਤਨੀ ਰਾਮੂ ਸਰਵਿਸ ਨੰਬਰ 793 ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਿਕਾ ਕੰਮ ਕਰਦੀ ਸੀ। ਜਿਸਦੀ ਮੌਤ ਮਿਤੀ 08.05.2021 ਨੂੰ ਹੋਈ ਸੀ। ਮ੍ਰਿਤਕ ਕਰਮਚਾਰਨ ਦੀ ਪੁੱਤਰੀ ਪਿੰਕੀ ਪੁੱਤਰੀ ਰਾਮੂ ਨੇ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੀ ਮਾਤਾ ਦੀ ਮੌਤ ਤੋਂ ਬਾਅਦ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਪਿੰਕੀ ਪੁੱਤਰੀ ਸ਼੍ਰੀ ਰਾਮੂ ਵੱਲੋਂ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸਤੋਂ ਇਲਾਵਾ ਉਸ ਦੀਆਂ ਦੋ ਭੈਣਾ ਹਨ, ਜੋ ਕਿ ਮੈਰਿਡ ਹਨ।ਜਿੰਨ੍ਹਾਂ ਵੱਲੋਂ ਇਤਰਾਜ਼ਹੀਨਤਾ ਹਲਫੀਆ ਬਿਆਨ ਦਿੱਤਾ ਗਿਆ ਹੈ ਕਿ ਪਿੰਕੀ ਨੂੰ ਉਸਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਪਿੰਕੀ ਅਤੇ ਉਸਦਾ ਪੂਰਾ ਪਰਿਵਾਰ ਆਪਣੀ ਮਾਤਾ ਤੇ ਨਿਰਭਰ ਸੀ ਅਤੇ ਪਿੰਕੀ ਤਲਾਕਸ਼ੁਦਾ ਹੈ। ਹਲਫੀਆ ਬਿਆਨ ਅਨੁਸਾਰ ਪਿੰਕੀ ਬੇਰੋਜ਼ਗਾਰ ਹੈ ਅਤੇ ਇਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ।ਇੰਨ੍ਹਾਂ ਦੇ ਘਰ ਦਾ ਗੁਜ਼ਾਰਾ ਬਹੁਤ ਮੁਸ਼ਕਿਲ ਨਾਲ ਚੱਲਦਾ ਹੈ। ਹਲਫੀਆ ਬਿਆਨ ਅਨੁਸਾਰ ਇੰਨ੍ਹਾਂ ਦੇ ਘਰ ਵਿੱਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ-ਸਰਕਾਰੀ ਨੌਕਰੀ ਨਹੀਂ ਕਰਦਾ ਹੈ ਅਤੇ ਪਿੰਕੀ ਪੜ੍ਹਨਾ ਲਿਖਣਾ ਜਾਣਦੀ ਹੈ। ਇਸਤੋਂ ਇਲਾਵਾ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀਂ ਹੈ। ਆਧਾਰ ਕਾਰਡ ਅਨੁਸਾਰ ਇਸਦੀ ਜਨਮ ਮਿਤੀ 01.01.1991 ਹੈ। ਨਿਗਰਾਨ ਇੰਜੀਨੀਅਰ ਸਾਹਿਬ ਦੀ ਰਿਪੋਰਟ ਮਿਤੀ 26.06.2023 ਰਾਹੀਂ ਤਰਸ ਦੇ ਆਧਾਰ ਤੇ ਨੌਕਰੀ ਦੇਣ ਸਬੰਧੀ ਵਿਚਾਰਨ ਲਈ ਪਾਸ ਕੀਤਾ ਗਿਆ ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ਼ 1984 ਅਨੁਸਾਰ ਸਫਾਈ ਸੇਵਕ ਆਸਾਮੀ ਲਈ ਵਿੱਦਿਅਕ ਯੋਗਤਾ ਪੜ੍ਹਣਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵੱਲੋਂ ਜਾਰੀ ਹਦਾਇਤਾਂ ਪੱਤਰ ਨੰ: 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁਕਤੀ ਦਾ ਅਧਿਕਾਰ ਸਬੰਧਤ ਨਗਰ ਨਿਗਮ ਪਾਸ ਹੈ। ਇਸ ਸਬੰਧੀ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਨੇ ਰਿਪੋਰਟ ਕੀਤੀ ਹੈ ਕਿ "Applicant is divorced girl/woman whose both parents have expired. She has no brother. Other two sisters are married, so she is living alone and is unemployed, may be considered on compassionate grounds."

ਉਕਤ ਅਨੁਸਾਰਪਿੰਕੀ ਨੂੰ ਉਸਦੀ ਮਾਤਾ ਸਵ: ਸ਼ੀਲਾ ਪਤਨੀ ਰਾਮੂ, ਸਫਾਈ ਸੇਵਿਕਾ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸਫਾਈ ਸੇਵਿਕਾ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਰਿਪੋਰਟ ਪੇਸ਼ ਹੈ ਜੀ।

| ਸਬ-ਕਮੇਟੀ ਦਾ ਫੈਸਲਾ: | ਨਿਯਮਾਂ ਅਨੁਸਾਰ ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। |
|---|---|
| ਹਾਊਸ ਦਾ ਫੈਸਲਾ : | ਸਬ-ਕਮੇਟੀ ਦਾ ਫੈਸਲਾ ਪ੍ਰਵਾਨ ਹੈ। |

4 :

ਰਿਪੋਰਟ ਸਿਹਤ ਸ਼ਾਖਾ ਕਿ ਸਵ: ਪਰਦੀਪ ਕੁਮਾਰ ਪੁੱਤਰ ਸ਼੍ਰੀ ਰਜੇਸ਼ ਕੁਮਾਰ, ਨਗਰ ਨਿਗਮ ਬਠਿੰਡਾ ਵਿਖੇ ਪੱਕੇ ਤੌਰ ਤੇ ਬਤੌਰ ਸਫਾਈ ਸੇਵਕ ਕੰਮ ਕਰਦਾ ਸੀ। ਜਿਸਦੀ ਮੌਤ ਮਿਤੀ 03.08.2023 ਨੂੰ ਹੋਈ ਸੀ। ਮ੍ਰਿਤਕ ਕਰਮਚਾਰੀ ਦੀ ਪਤਨੀ ਰਿੰਕੀ ਨੇ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਤੀ ਦੀ ਮੌਤ ਤੋਂ ਬਾਅਦ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀਮਤੀ ਰਿੰਕੀ ਪਤਨੀ ਸਵ: ਪਰਦੀਪ ਕੁਮਾਰ ਵੱਲੋਂ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸਦੇ ਦੋ ਬੱਚੇ ਹਨ ਜੋ ਕਿ ਨਾ-ਬਾਲਗ ਹਨ। ਸ਼੍ਰੀਮਤੀ ਰਿੰਕੀ ਅਤੇ ਉਸਦਾ ਪੂਰਾ ਪਰਿਵਾਰ ਉਸਦੇ ਪਤੀ ਤੇ ਨਿਰਭਰ ਸੀ। ਹਲਫੀਆ ਬਿਆਨ ਅਨੁਸਾਰ ਸ਼੍ਰੀਮਤੀ ਰਿੰਕੀ ਬੇਰੁਜਗਾਰ ਹੈ ਅਤੇ ਇਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਇਹਨਾਂ ਦੇ ਘਰ ਦਾ ਗੁਜ਼ਾਰਾ ਬਹੁਤ ਮੁਸ਼ਕਿਲ ਨਾਲ ਚੱਲਦਾ ਹੈ। ਹਲਫੀਆ ਬਿਆਨ ਅਨੁਸਾਰ ਇਹਨਾਂ ਦੇ ਘਰ ਵਿੱਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ ਸਰਕਾਰੀ ਨੌਕਰੀ ਨਹੀਂ ਕਰਦਾ ਹੈ। ਇਸ ਤੋਂ ਇਲਾਵਾ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀਂ ਹੈ। ਹਲਫੀਆ ਬਿਆਨ ਅਨੁਸਾਰ ਇਸਦੀ ਜਨਮ ਮਿਤੀ 01.01.1994 ਹੈ ਅਤੇ ਸ਼੍ਰੀਮਤੀ ਰਿੰਕੀ ਪੜ੍ਹਨਾ ਲਿਖਣਾ ਜਾਣਦੀ ਹੈ।

**ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ਼ ਲਈ ਆਸਾਮੀ ਸੇਵਕ ਸਫਾਈ ਅਨੁਸਾਰ 1984 ਆਧਾ ਦੇ ਤਰਸ ਹੋਵੇ। ਜਾਣਦਾ ਲਿਖਣਾ-ਪੜ੍ਹਣਾ ਤਾਯੋਗ ਵਿੱਦਿਅਕਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵੱਲੋਂ ਜਾਰੀ ਹਦਾਇਤਾਂ ਪੱਤਰ ਨੰ4-2002/94/11 :ਪੀਪੀ 650/11-ਮਿਤੀ -ਪੀਪੀ04/98/105/11 ਨੰਬਰ ਪੱਤਰ ਅਤੇ 12.01.2004 14420ਮਿਤੀ ਹੈ ਜਾਣਾ ਵਿਚਾਰਿਆ ਕੇਸ ਲਈ ਨਿਯੁਕਤੀ ਤੇ ਆਧਾਰ ਦੇ ਤਰਸ ਕੇਸ ਇਹ ਅਨੁਸਾਰ 21.11.2002। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ -2003/65/2।ਸਸ। ਨਗਰ ਅਨੁਸਾਰ 2004-6-14/12 ਮਿਤੀ 9653/ ਹੈ। ਪਾਸ ਨਿਗਮ ਨਗਰ ਸਬੰਧਤ ਅਧਿਕਾਰ ਦਾ ਨਿਯੁਕਤੀ ਲਈ ਅਸਾਮੀਆਂ ਪ੍ਰਾਂਤੀਕਰਨ ਗੈਰ ਵਿਖੇ ਨਿਗਮਾਂ**ਇਸ ਲਈ ਸ਼੍ਰੀਮਤੀ ਰਿੰਕੀ ਨੂੰ ਉਸਦੇ ਪਤੀ ਪਰਦੀਪ ਕੁਮਾਰ ਪੁੱਤਰ ਸ਼੍ਰੀ ਰਜੇਸ਼ ਕੁਮਾਰ ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸਫਾਈ ਸੇਵਕ ਨਿਯੁਕਤ ਕਰਨ ਵਾਸਤੇ ਕੇਸ ਤੇ ਵਿਚਾਰ ਕਰਨ ਹਿੱਤ ਰਿਪੋਰਟ ਕੀਤੀ ਗਈ।

ਇਸਤੇ ਚੀਫ ਸੈਨਟਰੀ ਇੰਸਪੈਕਟਰ, ਨਗਰ ਨਿਗਮ ਬਠਿੰਡਾ ਨੇ "ਮਾਨਯੋਗ ਕਮਿਸ਼ਨਰ ਜੀ ਦੇ ਹੁਕਮ ਮਿਤੀ 07.06.2023 ਰਾਹੀਂ ਬਿਨੈਕਾਰ ਦੀ ਮਾਲੀ ਹਾਲਤ ਅਤੇ ਹੋਰ ਰਿਪੋਰਟ ਲਈ ਕਮੇਟੀ ਗਠਿਤ ਕਰਨ ਹਿੱਤ ਰਿਪੋਰਟ ਕੀਤੀ ਗਈ।

ਨਿਗਰਾਨ ਇੰਜੀਨੀਅਰ ਨੇ ਰਿਪੋਰਟ ਕੀਤੀ ਕਿ "Committee has already been formed for such cases in another file, same Committee shall be applicable for all such cases".

ਸਿਹਤ ਸ਼ਾਖਾ ਵੱਲੋਂ ਰਿਪੋਰਟ ਕੀਤੀ ਗਈ ਕਿ ਸਵ: ਪਰਦੀਪ ਕੁਮਾਰ ਪੁੱਤਰ ਸ਼੍ਰੀ ਰਜੇਸ਼ ਕੁਮਾਰ, ਸਫਾਈ ਸੇਵਕ ਦੀ ਮੌਤ ਮਿਤੀ 03.08.2023 ਨੂੰ ਹੋ ਗਈ ਸੀ। ਮ੍ਰਿਤਕ ਕਰਮਚਾਰੀ ਦੀ ਪਤਨੀ ਸ਼੍ਰੀਮਤੀ ਰਿੰਕੀ ਵੱਲੋਂ ਤਰਸ ਦੇ ਆਧਾਰ ਤੇ ਨੌਕਰੀ ਲਈ ਦਰਖਾਸਤ ਦਿੱਤੀ ਗਈ ਹੈ। ਤਰਸ ਦੇ ਆਧਾਰ ਤੇ ਨੌਕਰੀ ਸਬੰਧੀ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ, ਜਿਸ ਵਿੱਚ ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ), ਏਰੀਆ ਸੈਨਟਰੀ ਇੰਸਪੈਕਟਰ ਸ਼੍ਰੀ ਅਜਮੇਰ ਸਿੰਘ ਅਤੇ ਏਰੀਆ ਐਮ.ਸੀ ਸ਼੍ਰੀ ਰਤਨ ਰਾਹੀਂ ਹਨ। ਕਮੇਟੀ ਵੱਲੋਂ ਰਿਪੋਰਟ ਕੀਤੀ ਗਈ ਹੈ ਕਿ "ਮੁੱਹਲੇ ਵਿੱਚੋਂ ਪੁੱਛ ਪੜਤਾਲ ਕੀਤੀ ਗਈ। ਸਵ: ਪਰਦੀਪ ਕੁਮਾਰ ਪੁੱਤਰ ਸ਼੍ਰੀ ਰਜੇਸ਼ ਕੁਮਾਰ, ਨਗਰ ਨਿਗਮ ਵਿਖੇ ਬਤੌਰ ਰੈਗੂਲਰ ਸਫਾਈ ਸੇਵਕ ਦੀ ਆਸਾਮੀ ਤੇ ਕੰਮ ਕਰਦਾ ਸੀ, ਜਿਸਦੀ ਮੌਤ ਮਿਤੀ 03.08.2023 ਨੂੰ ਹੋ ਗਈ ਸੀ। ਹੁਣ ਉਸਦੀ ਵਿਧਵਾ ਸ੍ਰੀਮਤੀ ਰਿੰਕੀ ਵੱਲੋਂ ਤਰਸ ਦੇ ਆਧਾਰ ਤੇ ਨੌਕਰੀ ਲੈਣ ਲਈ ਦਰਖਾਸਤ ਦਿੱਤੀ ਗਈ ਹੈ। ਪੜਤਾਲ ਦੌਰਾਨ ਪਾਇਆ ਗਿਆ ਕਿ ਸ੍ਰੀਮਤੀ ਰਿੰਕੀ ਪਤਨੀ ਸਵ: ਪਰਦੀਪ ਕੁਮਾਰ ਮਕਾਨ ਨੰਬਰ 3118/6, ਗਲੀ ਨੰਬਰ 11/2, ਪਰਸ ਰਾਮ ਨਗਰ ਬਠਿੰਡਾ ਦੀ ਪੱਕੀ ਵਸਨੀਕ ਹੈ। ਇਸ ਪਰਿਵਾਰ ਪਾਸ ਸਵ: ਪਰਦੀਪ ਕੁਮਾਰ ਤੋਂ ਇਲਾਵਾ ਕੋਈ ਹੋਰ ਕਮਾਉਣ ਵਾਲਾ ਨਹੀਂ ਹੈ। ਜਿਸਦੀ ਪੜਤਾਲ ਦੌਰਾਨ ਉਹਨਾਂ ਦੇ ਗੁਆਂਢੀ ਸ਼੍ਰੀ ਸੁਰੇਸ਼ ਕੁਮਾਰ ਪੁੱਤਰ ਸ੍ਰੀ ਭੋਰੇ ਲਾਲ ਅਤੇ ਸ਼੍ਰੀ ਬਲਵਿੰਦਰ ਸਿੰਘ ਪੁੱਤਰ ਸ਼੍ਰੀ ਰਮੇਸ਼ ਸਿੰਘ ਨੇ ਤਸਦੀਕ ਕੀਤਾ ਹੈ। ਜਿਹਨਾਂ ਦੇ ਆਧਾਰ ਕਾਰਡ ਦੀ ਫੋਟੋ ਕਾਪੀ ਨਾਲ ਲਗਾਈ ਗਈ ਹੈ"। ਉਕਤ ਤਸਦੀਕੀ ਅਤੇ ਪਰਿਵਾਰ ਦੇ ਹਾਲਾਤਾਂ ਨੂੰ ਵਿਚਾਰਦੇ ਹੋਏ ਵਿਧਵਾ ਸ੍ਰੀਮਤੀ ਰਿੰਕੀ ਪਤਨੀ ਸਵ: ਪਰਦੀਪ ਕੁਮਾਰ ਨੂੰ ਤਰਸ ਦੇ ਆਧਾਰ ਤੇ ਨੌਕਰੀ ਦੇਣ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| ਸਬ-ਕਮੇਟੀ ਦਾ ਫੈਸਲਾ: | ਦਫਤਰ ਵੱਲੋਂ ਬਣਾਈ ਤਿੰਨ ਮੈਂਬਰੀ ਕਮੇਟੀ ਵਿੱਚ ਸ਼ਾਮਲ ਏਰੀਏ ਦੇ ਸਬੰਧਤ ਕੌਂਸਲਰ ਪਾਸੋਂ ਫੋਨ ਤੇ ਕੰਨਫਰਮ ਕਰਨ ਤੇ ਉਨ੍ਹਾਂ ਵੱਲੋਂ ਦਸਿਆ ਗਿਆ ਕਿ ਉਨ੍ਹਾਂ ਵੱਲੋਂ ਇਹ ਕੇਸ ਤਸਦੀਕ ਨਹੀਂ ਕੀਤਾ ਗਿਆ। ਇਸ ਲਈ ਕੇਸ ਦੁਬਾਰਾ ਸਬੰਧਤ ਏਰੀਏ ਦੇ ਕੌਂਸਲਰ ਸਾਹਿਬਾਨ ਪਾਸੋਂ ਤਸਦੀਕ ਕਰਵਾਇਆ ਜਾਵੇ। ਤੱਦ ਤੱਕ ਲਈ ਇਸ ਮੱਦ ਨੂੰ ਪੈਡਿੰਗ ਰੱਖਿਆ ਜਾਂਦਾ ਹੈ। |
|---|---|
| ਹਾਊਸ ਦਾ ਫੈਸਲਾ : | ਸਬ-ਕਮੇਟੀ ਦਾ ਫੈਸਲਾ ਪ੍ਰਵਾਨ ਹੈ। |

5 :

ਰਿਪੋਰਟ ਸਿਹਤ ਸ਼ਾਖਾ ਕਿ ਸਵ: ਰਮੇਸ਼ ਕੁਮਾਰ ਪੁੱਤਰ ਸੋਨੀਆ, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਕ ਕੰਮ ਕਰਦਾ ਸੀ, ਜਿਸਦੀ ਮੌਤ ਮਿਤੀ 13.03.2023 ਨੂੰ ਹੋ ਗਈ ਸੀ। ਮ੍ਰਿਤਕ ਕਰਮਚਾਰੀ ਦੇ ਪੁੱਤਰ ਸ਼੍ਰੀ ਜਗਦੀਸ਼ ਕੁਮਾਰ ਪੁੱਤਰ ਸਵ: ਸ਼੍ਰੀ ਰਮੇਸ਼ ਕੁਮਾਰ ਨੇ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਜਗਦੀਸ਼ ਕੁਮਾਰ ਪੁੱਤਰ ਸਵ: ਸ਼੍ਰੀ ਰਮੇਸ਼ ਕੁਮਾਰ ਵੱਲੋਂ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸਤੋਂ ਇਲਾਵਾ ਉਸਦੀ ਮਾਤਾ, ਦੋ ਭਰਾ ਅਤੇ ਇੱਕ ਭੈਣ ਹੈ। ਉਸਦੇ ਦੋ ਭਰਾ ਅਤੇ ਭੈਣ ਵਿਆਹੇ ਹੋਏ ਹਨ ਅਤੇ ਆਪਣੇ ਘਰਬਾਰ ਵਾਲੇ ਹਨ। ਉਸਦੀ ਮਾਤਾ, ਭੈਣ ਅਤੇ ਭਰਾਵਾਂ ਵੱਲੋਂ ਇਤਰਾਜ਼ਹੀਨਤਾ ਹਲਫੀਆ ਬਿਆਨ ਦਿੱਤਾ ਗਿਆ ਹੈ ਕਿ ਸ਼੍ਰੀ ਜਗਦੀਸ਼ ਕੁਮਾਰ ਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਜਗਦੀਸ਼ ਕੁਮਾਰ ਪੂਰੀ ਤਰ੍ਹਾਂ ਆਪਣੇ ਪਿਤਾ ਤੇ ਨਿਰਭਰ ਸੀ। ਹਲਫੀਆ ਬਿਆਨ ਅਨੁਸਾਰ ਸ਼੍ਰੀ ਜਗਦੀਸ਼ ਕੁਮਾਰ ਬੇਰੁਜ਼ਗਾਰ ਹੈ ਅਤੇ ਇਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ ਅਤੇ ਇਹਨਾਂ ਦੇ ਘਰ ਦਾ ਗੁਜ਼ਾਰਾ ਬਹੁਤ ਮੁਸ਼ਕਿਲ ਨਾਲ ਚੱਲਦਾ ਹੈ। ਹਲਫੀਆ ਬਿਆਨ ਅਨੁਸਾਰ ਇਹਨਾਂ ਦੇ ਘਰ ਵਿੱਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ ਸਰਕਾਰੀ ਨੌਕਰੀ ਨਹੀਂ ਕਰਦਾ ਹੈ। ਇਸਤੋਂ ਇਲਾਵਾ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀਂ ਹੈ। ਆਧਾਰ ਕਾਰਡ ਅਨੁਸਾਰ ਉਸਦੀ ਜਨਮ ਮਿਤੀ 11.02.1989 ਹੈ ਅਤੇ ਸ਼੍ਰੀ ਜਗਦੀਸ਼ ਕੁਮਾਰ ਪੜ੍ਹਨਾ ਲਿਖਣਾ ਜਾਣਦਾ ਹੈ।

**ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ਼ 1984 ਅਨੁਸਾਰ ਸਫਾਈ ਸੇਵਕ ਆਸਾਮੀ ਲਈ ਵਿੱਦਿਅਕ ਯੋਗਤਾ ਪੜ੍ਹਣਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵੱਲੋਂ ਜਾਰੀ ਹਦਾਇਤਾਂ ਪੱਤਰ ਨੰ: 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-1ਸਸ1/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁਕਤੀ ਦਾ ਅਧਿਕਾਰ ਸਬੰਧਤ ਨਗਰ ਨਿਗਮ ਪਾਸ ਹੈ।** ਇਸ ਸਬੰਧੀ ਸ਼੍ਰੀ ਸੰਦੀਪ ਕਟਾਰੀਆ, ਚੀਫ ਸੈਂਟਰੀ ਇੰਸਪੈਕਟਰ, ਨਗਰ ਨਿਗਮ ਬਠਿੰਡਾ ਨੇ ਰਿਪੋਰਟ ਕੀਤੀ ਕਿ "ਮਾਨਯੋਗ ਕਮਿਸ਼ਨਰ ਜੀ ਦੇ ਹੁਕਮ ਮਿਤੀ 07.06.2023 ਰਾਹੀਂ ਕਮੇਟੀ ਗਠਿਤ ਕਰਨ ਹਿੱਤ ਰਿਪੋਰਟ ਅਗਲੇਰੀ ਯੋਗ ਕਾਰਵਾਈ ਹਿੱਤ ਪੇਸ਼ ਹੈ ਜੀ"। ਇਸਤੇ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਹੇਠ ਲਿਖੇ ਅਨੁਸਾਰ ਕਮੇਟੀ ਗਠਿਤ ਕੀਤੀ ਗਈ:

1. DCFA, Chairman
2. SI of area where residence of applicant is situated.
3. MC of Area

ਉਕਤ ਕਮੇਟੀ ਵੱਲੋਂ ਮੌਕਾ ਦੇਖਿਆ ਗਿਆ ਅਤੇ ਰਿਪੋਰਟ ਕੀਤੀ ਗਈ ਕਿ "ਸਵ: ਰਮੇਸ਼ ਕੁਮਾਰ ਪੁੱਤਰ ਸੋਨੀਆ, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਕ ਕੰਮ ਕਰਦਾ ਸੀ, ਜਿਸਦੀ ਮੌਤ ਮਿਤੀ 13.03.2023 ਨੂੰ ਹੋ ਗਈ ਸੀ। ਮ੍ਰਿਤਕ ਕਰਮਚਾਰੀ ਦੇ ਪੁੱਤਰ ਸ਼੍ਰੀ ਜਗਦੀਸ਼ ਕੁਮਾਰ ਪੁੱਤਰ ਸਵ: ਰਮੇਸ਼ ਕੁਮਾਰ ਨੇ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਇਸ ਕੇਸ ਸਬੰਧੀ (ਡਿਪਟੀ ਕੰਟਰੋਲਰ, ਏਰੀਆ ਸੈਨਟਰੀ ਇੰਸਪੈਕਟਰ ਅਤੇ ਏਰੀਆ ਐਮ.ਸੀ.) ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਉਕਤ ਸਬੰਧੀ ਆਸਪਾਸ ਦੇ ਲੋਕਾਂ ਅਤੇ ਪਰਿਵਾਰਕ ਮੈਂਬਰਾਂ ਤੋਂ ਪੁੱਛ ਪੜਤਾਲ ਕੀਤੀ ਗਈ ਕਿ ਸ਼੍ਰੀ ਜਗਦੀਸ਼ ਕੁਮਾਰ ਪੁੱਤਰ ਸਵ: ਰਮੇਸ਼ ਕੁਮਾਰ ਦੀ ਮਾਤਾ, ਦੋ ਭਰਾ ਅਤੇ ਇੱਕ ਭੈਣ ਹੈ। ਉਸਦੇ ਭਰਾ ਅਤੇ ਭੈਣ ਵਿਆਹੇ ਹੋਏ ਹਨ ਅਤੇ ਵੱਖਰੇ ਰਹਿੰਦੇ ਹਨ। ਸ਼੍ਰੀ ਜਗਦੀਸ਼ ਕੁਮਾਰ ਬੇਰੁਜ਼ਗਾਰ ਹੈ ਅਤੇ ਇਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਇਹਨਾਂ ਦੇ ਘਰ ਦਾ ਗੁਜ਼ਾਰਾ ਬਹੁਤ ਮੁਸ਼ਕਿਲ ਨਾਲ ਚੱਲਦਾ ਹੈ। ਰਿਪੋਰਟ ਅਗਲੇਰੀ ਯੋਗ ਕਾਰਵਾਈ ਹਿੱਤ ਪੇਸ਼ ਹੈ ਜੀ"।

ਉਕਤ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮ ਮਿਤੀ 07.06.2023 ਅਨੁਸਾਰ ਤਰਸ ਦੇ ਆਧਾਰ ਤੇ ਨੌਕਰੀ ਲਈ ਗਠਿਤ ਤਿੰਨ ਮੈਂਬਰੀ ਕਮੇਟੀ (ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ), ਏਰੀਆ ਸੈਨਟਰੀ ਇੰਸਪੈਕਟਰ ਅਤੇ ਏਰੀਆ ਐਮ.ਸੀ.) ਤੋਂ ਬੇਨਤੀਕਰਤਾ ਸ਼੍ਰੀ ਜਗਦੀਸ਼ ਕੁਮਾਰ ਪੁੱਤਰ ਰਮੇਸ਼ ਦੀ ਮਾਲੀ ਹਾਲਤ ਸਬੰਧੀ ਰਿਪੋਰਟ ਅਨੁਸਾਰ ਸ਼੍ਰੀ ਜਗਦੀਸ਼ ਕੁਮਾਰ ਬੇਰੁਜ਼ਗਾਰ ਹੈ ਅਤੇ ਇਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ।

ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| ਸਬ-ਕਮੇਟੀ ਦਾ ਫੈਸਲਾ: | **ਤਿੰਨ ਮੈਂਬਰੀ ਕਮੇਟੀ ਵਿੱਚ ਸ਼ਾਮਲ ਏਰੀਏ ਦੇ ਸਬੰਧਤ ਕੌਂਸਲਰ ਪਾਸੋਂ ਤਸਦੀਕ ਕਰਵਾਉਣ ਉਪਰੰਤ ਕੇਸ ਦੁਬਾਰਾ ਸਬ-ਕਮੇਟੀ ਦੇ ਸਾਹਮਣੇ ਪੇਸ਼ ਕੀਤਾ ਜਾਵੇ। ਤੱਦ ਤੱਕ ਲਈ ਇਸ ਮੱਦ ਨੂੰ ਪੈਂਡਿੰਗ ਰੱਖਿਆ ਜਾਂਦਾ ਹੈ।** |
| ਹਾਊਸ ਦਾ ਫੈਸਲਾ : | **ਸਬ-ਕਮੇਟੀ ਦਾ ਫੈਸਲਾ ਪ੍ਰਵਾਨ ਹੈ।** |

6 :

ਰਿਪੋਰਟ ਸਿਹਤ ਸ਼ਾਖਾ ਕਿ ਸਵ: ਕਿਸ਼ਨ ਪੁੱਤਰ ਲੱਲੂ ਰਾਮ ਸਰਵਿਸ ਨੰਬਰ 508, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਕ ਕੰਮ ਕਰਦਾ ਸੀ, ਜਿਸਦੀ ਮੌਤ ਮਿਤੀ 21.06.2023 ਨੂੰ ਹੋਈ ਸੀ। ਮ੍ਰਿਤਕ ਕਰਮਚਾਰੀ ਦੇ ਪੁੱਤਰ ਸ਼੍ਰੀ ਕਿਸ਼ਨ ਨੇ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਖਾਲੀ ਹੋਈ ਆਸਾਮੀ ਤੇ ਤਰਸ ਤੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਜਗਸੀਰ ਸਿੰਘ ਪੁੱਤਰ ਕਿਸ਼ਨ ਵੱਲੋਂ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸਤੋਂ ਇਲਾਵਾ ਉਸਦੀ ਮਾਤਾ, ਤਿੰਨ ਭੈਣਾਂ (ਦੋ ਵਿਆਹੀਆਂ ਅਤੇ ਇੱਕ ਕੁਆਰੀ), ਜਿੰਨ੍ਹਾਂ ਵੱਲੋਂ ਇਤਰਾਜ਼ਹੀਨਤਾ ਹਲਫੀਆ ਬਿਆਨ ਦਿੱਤਾ ਗਿਆ ਹੈ ਕਿ ਸ਼੍ਰੀ ਜਗਸੀਰ ਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਇੱਥੇ ਦਸਣਯੋਗ ਹੈ ਕਿ ਜਗਸੀਰ ਸਿੰਘ ਦਾ ਇੱਕ ਭਰਾ ਪਰਮਜੀਤ ਸਿੰਘ ਹੈ, ਜਿਸਨੂੰ ਉਸਦੇ ਮਾਤਾ ਪਿਤਾ ਵੱਲੋਂ ਪਹਿਲਾਂ ਹੀ ਬੇ-ਦਖਲ ਕੀਤਾ ਜਾ ਚੁੱਕਾ ਹੈ। ਜਿਸਦਾ ਇਸ਼ਤਿਹਾਰ ਸਬੂਤ ਵੱਜੋਂ ਨਾਲ ਨੱਥੀ ਹੈ। ਸ਼੍ਰੀ ਜਗਸੀਰ ਸਿੰਘ ਅਤੇ ਉਸਦਾ ਪੂਰਾ ਪਰਿਵਾਰ ਆਪਣੇ ਪਿਤਾ ਤੇ ਨਿਰਭਰ ਸੀ। ਹਲਫੀਆ ਬਿਆਨ ਅਨੁਸਾਰ ਸ਼੍ਰੀ ਜਗਸੀਰ ਸਿੰਘ ਬੇਰੁਜ਼ਗਾਰ ਹੈ ਅਤੇ ਇਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਇਹਨਾਂ ਦੇ ਘਰ ਦਾ ਗੁਜ਼ਾਰਾ ਬਹੁਤ ਮੁਸ਼ਕਿਲ ਨਾਲ ਚਲਦਾ ਹੈ। ਹਲਫੀਆ ਬਿਆਨ ਅਨੁਸਾਰ ਇਹਨਾਂ ਦੇ ਘਰ ਵਿੱਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ ਸਰਕਾਰੀ ਨੌਕਰੀ ਨਹੀਂ ਕਰਦਾ ਹੈ। ਇਸਤੋਂ ਇਲਾਵਾ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀਂ ਹੈ। ਆਧਾਰ ਕਾਰਡ ਅਨੁਸਾਰ ਇਸਦੀ ਜਨਮ ਮਿਤੀ 12.02.1993 ਹੈ ਅਤੇ ਸ਼੍ਰੀ ਜਗਸੀਰ ਸਿੰਘ ਬਾਰ੍ਹਵੀਂ ਪਾਸ ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ਼ 1984 ਅਨੁਸਾਰ ਸਫਾਈ ਸੇਵਕ ਆਸਾਮੀ ਲਈ ਵਿੱਦਿਅਕ ਯੋਗਤਾ ਪੜ੍ਹਣਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵੱਲੋਂ ਜਾਰੀ ਹਦਾਇਤਾਂ ਪੱਤਰ ਨੰ: 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁਕਤੀ ਦਾ ਅਧਿਕਾਰ ਸਬੰਧਤ ਨਗਰ ਨਿਗਮ ਪਾਸ ਹੈ।

ਇਸ ਲਈ ਸ਼੍ਰੀ ਜਗਸੀਰ ਸਿੰਘ ਨੂੰ ਉਸਦੇ ਪਿਤਾ ਸਵ: ਕਿਸ਼ਨ ਪੁੱਤਰ ਲੱਲੂ ਰਾਮ ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਦਾਰ ਤੇ ਸਫਾਈ ਸੇਵਕ ਨਿਯੁਕਤ ਕਰਨ ਵਾਸਤੇ ਮਾਨਯੋਗ ਕਮਿਸ਼ਨਰ ਜੀ ਵੱਲੋਂ ਗਠਿਤ ਤਿੰਨ ਮੈਂਬਰੀ ਕਮੇਟੀ (ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ), ਏਰੀਆ ਸੈਨਟਰੀ ਇੰਸਪੈਕਟਰ ਅਤੇ ਏਰੀਆ ਐਮ.ਸੀ.) ਤੋਂ ਰਿਪੋਰਟ ਲੈਣ ਲਈ ਅਗਲੇਰੀ ਕਾਰਵਾਈ ਕਰਨ ਲਈ ਹਦਾਇਤ ਕੀਤੀ ਗਈ।

ਤਿੰਨ ਮੈਂਬਰੀ ਕਮੇਟੀ ਵੱਲੋਂ ਰਿਪੋਰਟ ਕੀਤੀ ਗਈ ਕਿ "ਉਕਤ ਸਬੰਧੀ ਮੁੱਹਲੇ ਵਿੱਚੋਂ ਪੁੱਛ ਪੜਤਾਲ ਕੀਤੀ ਗਈ ਹੈ, ਜੋ ਕਿ ਸਵ: ਕਿਸ਼ਨ ਪੁੱਤਰ ਲੱਲੂ ਰਾਮ ਸਰਵਿਸ ਨੰਬਰ 508, ਨਗਰ ਨਿਗਮ ਬਠਿੰਡਾ ਵਿਖੇ ਤਬੌਰ ਰੈਗੂਲਰ ਸਫਾਈ ਸੇਵਕ ਦੀ ਆਸਾਮੀ ਤੇ ਕੰਮ ਕਰਦਾ ਸੀ, ਜਿਸਦੀ ਮੌਤ ਮਿਤੀ 21.06.2023 ਨੂੰ ਹੋਈ ਸੀ। ਹੁਣ ਉਸਦਾ ਲੜਕਾ ਜਗਸੀਰ ਸਿੰਘ ਪੁੱਤਰ ਕਿਸ਼ਨ ਪੁੱਤਰ ਲੱਲੂ ਰਾਮ ਵੱਲੋਂ ਤਰਸ ਦੇ ਆਧਾਰ ਤੇ ਨੌਕਰੀ ਲੈਣ ਲਈ ਦਰਖਾਸਤ ਦਿੱਤੀ ਗਈ ਹੈ। ਪੜਤਾਲ ਦੌਰਾਨ ਪਾਇਆ ਗਿਆ ਕਿ ਜਗਸੀਰ ਸਿੰਘ ਪੁੱਤਰ ਸਵ: ਕਿਸ਼ਨ, ਮਕਾਨ ਨੰਬਰ 12858, ਗਲੀ ਨੰਬਰ 3, ਆਜ਼ਾਦ ਨਗਰ ਦੇ ਨੇੜੇ, ਪ੍ਰਜਾਪਤ ਕਲੋਨੀ ਬਠਿੰਡਾ ਦਾ ਰਹਿਣ ਵਾਲਾ ਹੈ। ਇਸ ਪਰਿਵਾਰ ਪਾਸ ਸਵ: ਕਿਸ਼ਨ ਤੋਂ ਇਲਾਵਾ ਹੋਰ ਕੋਈ ਕਮਾਉਣ ਵਾਲਾ ਨਹੀਂ ਹੈ। ਜਿਸਦੀ ਪੜਤਾਲ ਦੌਰਾਨ ਉਹਨਾਂ ਦੇ ਗੁਆਂਢੀ ਪਵਨ ਕੁਮਾਰ ਪੁੱਤਰ ਸ਼੍ਰੀ ਉਮ ਪ੍ਰਕਾਸ਼ ਅਤੇ ਸਪਨਾ ਰਾਣੀ ਪਤਨੀ ਸ਼੍ਰੀ ਸੁਰਿੰਦਰ ਕੁਮਾਰ ਨੇ ਤਸਦੀਕੀ ਕੀਤੀ ਹੈ। ਇਹਨਾਂ ਦੇ ਆਧਾਰ ਕਾਰਡ ਦੀ ਕਾਪੀ ਨਾਲ ਨੱਥੀ ਹੈ। ਉਕਤ ਤਸਦੀਕੀ ਅਤੇ ਪਰਿਵਾਰ ਦੇ ਹਾਲਾਤਾਂ ਨੂੰ ਵਿਚਾਰਦੇ ਹੋਏ ਜਗਸੀਰ ਸਿੰਘ ਪੁੱਤਰ ਸਵ: ਕਿਸ਼ਨ ਨੂੰ ਤਰਸ ਦੇ ਆਧਾਰ ਤੇ ਨੌਕਰੀ ਦੇਣ ਹਿੱਤ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| **ਸਬ-ਕਮੇਟੀ ਦਾ ਫੈਸਲਾ:** | **ਮ੍ਰਿਤਕ ਕਰਮਚਾਰੀ ਦੇ ਸਾਰੇ ਵਾਰਸਾਂ ਨੂੰ ਸਬ-ਕਮੇਟੀ ਸਨਮੁੱਖ ਪੇਸ਼ ਕੀਤਾ ਜਾਵੇ। ਤੱਦ ਤੱਕ ਲਈ ਇਸ ਮੱਦ ਨੂੰ ਪੈਡਿੰਗ ਰੱਖਿਆ ਜਾਂਦਾ ਹੈ।** |
| **ਹਾਊਸ ਦਾ ਫੈਸਲਾ :** | **ਸਬ-ਕਮੇਟੀ ਦਾ ਫੈਸਲਾ ਪ੍ਰਵਾਨ ਹੈ।** |

7 :

ਰਿਪੋਰਟ ਸਿਹਤ ਸ਼ਾਖਾ ਕਿ ਸਵ: ਅੰਜੂ ਪਤਨੀ ਉਮ ਪ੍ਰਕਾਸ਼ ਬਤੌਰ ਸਫਾਈ ਸੇਵਿਕਾ ਨਗਰ ਨਿਗਮ ਬਠਿੰਡਾ ਵਿਖੇ ਕੰਮ ਕਰਦੀ ਸੀ, ਜਿਸਦੀ ਮੌਤ ਸਰਵਿਸ ਦੌਰਾਨ ਮਿਤੀ 12.09.2019 ਨੂੰ ਹੋ ਗਈ ਹੈ। ਜਿਸਦੀ ਜਨਮ ਮਿਤੀ ਸਰਵਿਸ ਰਿਕਾਰਡ ਵਿੱਚ 22.08.1989 ਦਰਜ਼ ਹੈ ਜੋ ਕਿ ਮੈਡੀਕਲ ਸਰਟੀਫਿਕੇਟ ਦੇ ਆਧਾਰ ਤੇ ਦਰਜ਼ ਕੀਤੀ

ਗਈ ਹੈ। ਮ੍ਰਿਤਕ ਕਰਮਚਾਰਣ ਦੇ ਵਾਰਸ ਸ਼੍ਰੀ ਰਾਕੇਸ਼ ਕੁਮਾਰ ਨੇ ਤਰਸ ਦੇ ਆਦਾਰ ਤੇ ਨੋਕਰੀ ਪ੍ਰਾਪਤ ਕਰਨ ਲਈ ਦਰਖਾਸਤ ਮਿਤੀ 25.09.2019 ਨੂੰ ਦਿੱਤੀ ਗਈ ਸੀ। ਜਿਸ ਵਿੱਚ ਬੇਨਤੀਕਰਤਾ ਦੀ ਉਮਰ ਆਧਾਰ ਕਾਰਡ ਅਤੇ ਹਲਫੀਆ ਬਿਆਨ ਅਨੁਸਾਰ 05.12.1999 ਹੈ। ਇਸ ਤਰ੍ਹਾ ਸਵ: ਅੰਜੀ ਪਤਨੀ ਉਮ ਪ੍ਰਕਾਸ਼ ਅਤੇ ਉਸਦੇ ਪੁੱਤਰ ਰਾਕੇਸ਼ ਕੁਮਾਰ ਦੀ ਉਮਰ ਵਿੱਚ ਸਿਰਫ 10 ਸਾਲ ਦਾ ਫਰਕ ਹੈ। ਮ੍ਰਿਤਕ ਕਰਮਚਾਰਨ ਦੇ ਵਾਰਸ ਵੱਲੋਂ ਪੱਤਰ ਰਾਹੀਂ ਬੇਨਤੀ ਕੀਤੀ ਗਈ ਹੈ ਕਿ ਉਸਦੇ ਮਾਤਾ ਸਵ: ਅੰਜੂ ਦੀ ਅਸਲ ਜਨਮ ਮਿਤੀ 10.03.1982 ਹੈ। ਮ੍ਰਿਤਕ ਕਰਮਚਾਰਨ ਅੰਜੂ ਪਤਨੀ ਉਮ ਪ੍ਰਕਾਸ਼ ਦੀ ਜਨਮ ਮਿਤੀ ਦਰੁੱਸਤ ਕਰਨ ਲਈ ਉਸਦੇ ਪੁੱਤਰ ਰਾਕੇਸ਼ ਕੁਮਾਰ ਵੱਲੋਂ ਮ੍ਰਿਤਕ ਕਰਮਚਾਰਨ ਦੇ ਪੰਜਵੀ ਅਤੇ ਦਸਵੀ ਦੇ ਪ੍ਰਮਾਣ ਪੱਤਰ ਦੀ ਕਾਪੀ ਸਬੂਤ ਵੱਜੋਂ ਜਮ੍ਹਾਂ ਕਰਵਾਈ ਗਈ ਹੈ।

ਇਸ ਸਬੰਧ ਵਿੱਚ ਡਾਇਰੈਕਟਰ ਸਥਾਨਕ ਸਰਕਾਰ ਵਿਭਾਗ ਪੰਜਾਬ ਚੰਡੀਗੜ੍ਹ ਜੀ ਵੱਲੋਂ ਪੱਤਰ ਨੰਬਰ ਸ2-ਡਸਸ-ਮਸਸ-2022/17470 ਮਿਤੀ 23.05.2022 ਰਾਹੀਂ ਲਿਖਿਆ ਗਿਆ ਹੈ ਕਿ ਮ੍ਰਿਤਕ ਕਰਮਚਾਰਨ ਸਵ: ਅੰਜੂ ਪਤਨੀ ਉਮ ਪ੍ਰਕਾਸ਼ ਸਫਾਈ ਸੇਵਿਕਾ ਦੀ ਜਨਮ ਮਿਤੀ ਬਦਲਣ ਤੋ ਪਹਿਲਾ ਆਪਣੇ ਪੱਧਰ ਤੇ ਉਸਦੇ ਅਸਲ ਦਸਤਾਵੇਜ਼ਾਂ ਦੀ ਘੋਖ ਪੜਤਾਲ ਕਰਨ ਉਪਰੰਤ ਉਸਦੇ ਸਰਵਿਸ ਰਿਕਾਰਡ ਵਿੱਚ ਇੰਦਰਾਜ਼ ਕੀਤਾ ਜਾਵੇ ਅਤੇ ਉਸ ਉਪਰੰਤ ਹੀ ਰੂਲਾਂ/ ਹਦਾਇਤਾਂ ਅਨੁਸਾਰ ਉਸਦੇ ਪੁੱਤਰ ਨੂੰ ਤਰਸ ਦੇ ਆਧਾਰ ਤੇ ਨੋਕਰੀ ਦੇਣ ਸਬੰਧੀ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਉਕਤ ਕੇਸ ਸਬੰਧੀ ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ) ਨਗਰ ਨਿਗਮ ਬਠਿੰਡਾ ਨੇ ਰਿਪੋਰਟ ਕੀਤੀ ਹੈ ਕਿ ਕਰਮਚਾਰੀ ਦੀ ਮੋਤ ਉਪਰੰਤ ਉਸਦੇ ਰਿਕਾਰਡ ਵਿੱਚ ਜਨਮ ਤਾਰੀਖ ਜਾਂ ਕਿਸੇ ਹੋਰ ਤਰ੍ਹਾਂ ਦੀ ਤਬਦੀਲੀ ਕਰਨ ਸਬੰਧੀ ਕੋਈ ਨਿਯਮਾਂ ਜਾਂ ਹਦਾਇਤ ਅਜੇ ਤੱਕ ਧਿਆਨ ਵਿੱਚ ਨਹੀਂ ਹੈ।

ਇਸਤੇ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਵੱਲੋਂ ਰਿਪੋਰਟ ਕੀਤੀ ਗਈ ਕਿ "As per Rules, DOB of any employee, if entered wrong in official documents, can be amended within 2 years of employment (D.O.J). Therefore, the date which is entered in office record will be considered actual date of birth.

It is therefore, proposed that request for appointment on compenssionate grounds after amending D.O.B of a deceased person may be declined".

ਉਕਤ ਸਬੰਧੀ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਰਿਪੋਰਟ ਕੀਤੀ ਹੈ ਕਿ "Perused. The policy on compenssionate appointments is clear. Just because the deceased was appanently guilty of having submitted a wrong D.O.B will not deprive his child of his/ her legitimate claim for compassionate appointment. As per record date of birth of deceased is 10.03.82 but as per record it has been taken as 1989. The applicant D.O.B. is 2002 and thus if actual D.O.B. is considered, the deceased was almost 20 year old at time of birth of applicant. A lie that was spoken by deceased can't be reason to deny compassionate appointment. Her wrong act can't now be considered for any action, post her death.

Case be referred back to Sub-Committee on above lines.

ਉਕਤ ਅਨੁਸਾਰ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| ਸਬ-ਕਮੇਟੀ ਦਾ ਫੈਸਲਾ: | **ਜਨਮ ਮਿਤੀ ਸਬੰਧੀ ਫੈਸਲਾ ਲੈਣ ਖਾਤਰ ਸ਼੍ਰੀ ਬਲਜੀਤ ਸਿੰਘ ਸਰਾਂ, ਸ਼੍ਰੀ ਵਿਕਰਮ ਕ੍ਰਾਂਤੀ ਅਤੇ ਸੰਤੋਸ਼ ਕੁਮਾਰੀ ਮਹੰਤ ਦੀ ਤਿੰਨ ਮੈਂਬਰੀ ਸਬ-ਕਮੇਟੀ ਬਣਾਈ ਜਾਂਦੀ ਹੈ। ਸਬ-ਕਮੇਟੀ ਵੱਲੋਂ ਕੇਸ ਘੋਖਣ ਉਪਰੰਤ ਫੈਸਲਾ ਕਰਮਚਾਰੀਆਂ ਨਾਲ ਸਬੰਧਤ ਸਬ-ਕਮੇਟੀ ਦੇ ਸਨਮੁੱਖ ਪੇਸ਼ ਕੀਤਾ ਜਾਵੇ। ਤੱਦ ਤੱਕ ਲਈ ਇਸ ਮੱਦ ਨੂੰ ਪੈਡਿੰਗ ਰੱਖਿਆ ਜਾਂਦਾ ਹੈ।** |
| ਹਾਊਸ ਦਾ ਫੈਸਲਾ : | **ਸਬ-ਕਮੇਟੀ ਦਾ ਫੈਸਲਾ ਪ੍ਰਵਾਨ ਹੈ।** |

8 :

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਸ਼੍ਰੀ ਨਰਸੀ ਸੀਵਰਮੈਨ ਪੁੱਤਰ ਸ਼੍ਰੀ ਜਗਨ ਰਾਮ ਜੋ ਕਿ ਸਲਾਨਾ ਦੇਖਭਾਲ ਪੰਜਾਬ ਵ/ਸ ਅਤੇ ਸੀਵਰੇਜ਼ ਸਕੀਮ ਤਹਿਤ ਕੰਮ ਕਰਦਾ ਸੀ। ਕਰਮਚਾਰੀ ਦੀ ਮੋਤ ਸਰਟੀਫਿਕੇਟ ਅਨੁਸਾਰ ਮਿਤੀ 11.02.2021 ਨੂੰ ਹੋ ਗਈ ਹੈ। ਪੰਜਾਬ ਸਰਕਾਰ ਦੀਆਂ ਜਾਰੀ ਵਰਤਮਾਨ ਹਦਾਇਤਾਂ ਮੁਤਾਬਿਕ ਤਰਸ ਦੇ ਆਧਾਰ ਤੇ

ਨੌਕਰੀ ਲੱਗਣ ਲਈ ਸਰਕਾਰ ਦੇ ਪੱਤਰ ਪਿੱਠ ਅੰਕਣ ਨੰਬਰ 11/105/98-4ਪੀਪ-11/14420 ਮਿਤੀ 21.11.2002 ਅਨੁਸਾਰ ਹੀ ਵਿਚਾਰੇ ਜਾਣਗੇ।ਸਰਕਾਰੀ ਹਦਾਇਤਾਂ ਅਨੁਸਾਰ ਕਰਮਚਾਰੀ ਦੀ ਮੌਤ ਦੇ ਛੇ ਮਹੀਨੇ ਦੇ ਅੰਦਰ-ਅੰਦਰ ਆਏ ਬੇਨਤੀ ਪੱਤਰ ਤੇ ਵਿਚਾਰ ਕੀਤਾ ਜਾਵੇਗਾ। ਮ੍ਰਿਤਕ ਦੇ ਵਾਰਸਾਂ ਵੱਲੋਂ ਤਰਸ ਦੇ ਆਧਾਰ ਤੇ ਨੌਕਰੀ ਲੈਣ ਲਈ ਆਪਣਾ ਬਿਨੈ ਪੱਤਰ ਮਿਤੀ 25.05.2022 ਨੂੰ ਦਿੱਤਾ ਹੈ। ਮ੍ਰਿਤਕ ਦੀ ਮੌਤ ਹੋਣ ਉਪਰੰਤ ਲਗਭਗ ਇੱਕ ਸਾਲ ਤਿੰਨ ਮਹੀਨੇ ਸਮਾਂ ਬੀਤ ਜਾਣ ਦੇ ਬਾਦ ਬਿਨੈ ਪੱਤਰ ਦਿੱਤਾ ਹੈ। ਕਾਰਜਕਾਰੀ ਇੰਜੀਨੀਅਰ ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰਬਰ 1 ਬਠਿੰਡਾ ਨੇ ਆਪਣੇ ਪੱਤਰ ਨੰਬਰ 1025 ਮਿਤੀ 09.03.2023 ਰਾਹੀਂ ਦਸਿਆ ਹੈ ਕਿ ਕਰਮਚਾਰੀ ਤੋਂ ਕੇਸ ਛੇ ਮਹੀਨੇ ਓਂਦਰ ਅਪਲਾਈ ਨਾ ਕਰਨ ਸਬੰਧੀ ਸਪਸ਼ਟੀਕਰਨ ਮੰਗਿਆ ਸੀ ਤਾਂ ਬਿਨੈਕਾਰ ਵੱਲੋਂ ਆਪਣੇ ਮਿਤੀ 06.03.2023 ਰਾਹੀਂ ਕੇਸ ਸਮੇਂ ਸਿਰ ਅਪਲਾਈ ਕਰਨ ਸਬੰਧੀ ਉਸ ਦੀਆਂ ਘਰੇਲੂ ਸਮੱਸਿਆਂਵਾਂ ਅਤੇ ਵਾਰਸਾਂ ਦਾ ਸਰਟੀਫਿਕੇਟ ਸਮੇਂ ਸਿਰ ਨਾ ਮਿਲਣ ਦੇ ਕਾਰਣ ਦੱਸੇ ਗਏ ਹਨ, ਜਦਕਿ ਬਿਨੈਕਾਰ ਵੱਲੋਂ ਵਾਰਸ ਸਰਟੀਫਿਕੇਟ ਲੈਣ ਲਈ ਵੀ ਪੱਤਰ ਮਿਤੀ 11.01.2022 ਨੂੰ ਮਾਨਯੋਗ ਤਹਿਸੀਲਦਾਰ ਸਾਹਿਬ, ਬਠਿੰਡਾ ਨੂੰ ਬੇਨਤੀ ਪੱਤਰ ਦਿੱਤਾ ਹੈ ਜੋ ਕਿ ਕਰਮਚਾਰੀ ਦੀ ਮੌਤ ਤੋਂ 11 ਮਹੀਨੇ ਬਾਅਦ ਵਿੱਚ ਦਿੱਤਾ ਹੈ। ਸੋ, ਮ੍ਰਿਤਕ ਕਰਮਚਾਰੀ ਸ਼੍ਰੀ ਨਰਸੀ ਸੀਵਰਮੈਨ ਦੇ ਵਾਰਸਾਂ ਨੂੰ ਤਰਸ ਦੇ ਆਧਾਰ ਤੇ ਨੌਕਰੀ ਲੱਗਣ ਲਈ ਕੇਸ ਵਿਚਾਰਯੋਗ ਨਹੀਂ ਹੈ। ਉਕਤ ਮ੍ਰਿਤਕ ਕਰਮਚਾਰੀ ਦੀ ਧਰਮਪਤਨੀ ਸ਼੍ਰੀਮਤੀ ਕਮਲਾ ਦੇਵੀ ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰਬਰ 1, ਬਠਿੰਡਾ ਵਿੱਚ ਬਤੌਰ ਸਵੀਪਰ ਕੰਮ ਕਰਦੀ ਹੈ। ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| **ਸਬ-ਕਮੇਟੀ ਦਾ ਫੈਸਲਾ:** | **ਇਸ ਸਬੰਧੀ ਜਲਦ ਤੋਂ ਜਲਦ ਕਾਨੂੰਨੀ ਰਾਏ ਲੈਣ ਉਪਰੰਤ ਕੇਸ ਸਬ-ਕਮੇਟੀ ਸਨਮੁੱਖ ਪੇਸ਼ ਕੀਤਾ ਜਾਵੇ।** |
| **ਹਾਊਸ ਦਾ ਫੈਸਲਾ :** | **ਸਬ-ਕਮੇਟੀ ਦਾ ਫੈਸਲਾ ਪ੍ਰਵਾਨ ਹੈ।** |

9:

ਦਫਤਰੀ ਰਿਪੋਰਟ ਕਿ ਸ਼੍ਰੀਮਤੀ ਪ੍ਰਿਆ ਰਾਣੀ ਪੁੱਤਰੀ ਸ਼੍ਰੀ ਮਹਿੰਦਰ ਸਿੰਘ, ਬਤੌਰ ਕਲੱਰਕ, ਨਗਰ ਨਿਗਮ ਲੁਧਿਆਣਾ ਵਿਖੇ ਰੈਗੂਲਰ ਪੋਸਟ ਤੇ ਤੈਨਾਤ ਹੈ। ਇਸ ਕਰਮਚਾਰਣ ਵੱਲੋਂ ਮਾਨਯੋਗ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ ਪੰਜਾਬ ਅਤੇ ਮਾਨਯੋਗ ਐਮ.ਐਲ.ਏ ਹਲਕਾ (ਸ਼ਹਿਰੀ) ਬਠਿੰਡਾ ਜੀ ਪਾਸ ਦਰਖਾਸਤ ਪੇਸ਼ ਕੀਤੀ ਹੈ ਕਿ ਉਸਦੀ ਪੱਕੀ ਰਿਹਾਇਸ਼ ਬਠਿੰਡਾ ਵਿਖੇ ੈ। ਉਸਦਾ ਬੱਚਾ ਛੋਟਾ ਹੈ। ਜੋ ਬਠਿੰਡਾ ਵਿਖੇ ਪੜ੍ਹਦਾ ਹੈ ਅਤੇ ਉਸਦੀ ਦੇਖਭਾਲ ਲਈ ਕੋਈ ਵੀ ਮੌਜੂਦ ਨਹੀਂ ਹੈ। ਉਸਦੀ ਸੱਸ ਦੀ ਮੌਤ ਪਹਿਲਾਂ ਹੀ ਹੋ ਚੁੱਕੀ ਹੈ ਅਤੇ ਸਹੁਰਾ ਸਾਹਿਬ ਬਿਰਦ ਹਨ, ਜਿਸਦੀ ਸਿਹਤ ਸੰਭਾਲ ਉਸਤੇ ਹੀ ਨਿਰਭਰ ਹੈ। ਉਸਦੇ ਪਤੀ ਬਠਿੰਡਾ ਵਿਖੇ ਹੀ ਪ੍ਰਾਈਵੇਟ ਜੋਬ ਕਰਦੇ ਹਨ। ਇਸ ਲਈ ਉਸਦੀ ਬਦਲੀ ਨਗਰ ਨਿਗਮ ਲੁਧਿਆਣਾ ਤੋਂ ਨਗਰ ਨਿਗਮ ਬਠਿੰਡਾ ਵਿਖੇ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ।

ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਜੀ ਮੀਮੋ ਨੰਬਰ ਭਰਤੀ ਸੈਲ-ਡਸਸ-2023/420 ਮਿਤੀ 03.08.2023 ਰਾਹੀਂ ਲਿਖਿਆ ਗਿਆ ਹੈ ਕਿ ਇਸ ਕਰਮਚਾਰਣ ਦੀ ਬਦਲੀ ਸਬੰਧੀ ਰੂਲਾਂ/ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹਾਊਸ ਵਿੱਚ ਮਤਾ ਪ੍ਰਵਾਨ ਕਰਨ ਉਪਰੰਤ ਸਰਕਾਰ ਪੱਧਰ ਤੇ ਪ੍ਰਵਾਨਗੀ ਲੈਣੀ ਯਕੀਨੀ ਬਣਾਈ ਜਾਵੇ।

ਵਰਨਣਯੋਗ ਹੈ ਕਿ ਇਹ ਕਰਮਚਾਰਣ ਤਕਰੀਬਨ 4.5 ਸਾਲ ਨਗਰ ਨਿਗਮ ਬਠਿੰਡਾ ਵਿਖੇ ਡਾਟਾ ਐਂਟਰੀ ਆਪਰੇਟਰ ਵੱਜੋਂ ਸੇਵਾ ਨਿਭਾ ਚੁੱਕੀ ਹੈ ਅਤੇ ਮਾਹ ਜੂਨ 2023 ਵਿੱਚ ਇਸਦੀ ਨਿਯੁਕਤੀ ਰੈਗੂਲਰ ਤੋਰ ਤੇ ਬਤੌਰ ਜਨਰਲ ਕਲੱਰਕ ਨਗਰ ਨਿਗਮ ਲੁਧਿਆਣਾ ਵਿਖੇ ਹੋਈ ਹੈ। ਕਰਮਚਾਰੀ ਦੀ ਬੇਨਤੀ ਵਾਜਬ ਹੈ। ਨਗਰ ਨਿਗਮ ਬਠਿੰਡਾ ਵਿਖੇ ਜਨਰਲ ਕਲੱਰਕ ਦੀਆਂ ਖਾਲੀ ਆਸਾਮੀਆਂ ਮੌਜੂਦ ਹਨ।

ਉਕਤ ਅਨੁਸਾਰ ਸ਼੍ਰੀਮਤੀ ਪ੍ਰਿਆ ਰਾਣੀ ਪੁੱਤਰੀ ਸ਼੍ਰੀ ਮਹਿੰਦਰ ਸਿੰਘ ਦੀ ਬਦਲੀ ਨਗਰ ਨਿਗਮ ਲੁਧਿਆਣਾ ਤੋਂ ਨਗਰ ਨਿਗਮ ਬਠਿੰਡਾ ਵਿਖੇ ਬਦਲੀ ਦੀ ਪ੍ਰਵਾਨਗੀ ਲੈਣ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| **ਸਬ-ਕਮੇਟੀ ਦਾ ਫੈਸਲਾ:** | **ਸਰਕਾਰ ਵੱਲੋਂ ਆਪਣੇ ਪੱਧਰ ਤੇ ਕੀਤੀ ਭਰਤੀ ਦੇ ਵਿਰੁੱਧ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਕੇਸ ਦਾਇਰ ਕੀਤਾ ਹੋਇਆ ਹੈ। ਮਾਨਯੋਗ ਅਦਾਲਤ ਦਾ ਫੈਸਲਾ ਆਉਣ ਉਪਰੰਤ ਬਣਦੀ ਕਾਰਵਾਈ ਕੀਤੀ ਜਾਵੇਗੀ। ਤੱਦ ਤੱਕ ਲਈ ਇਸ ਕੇਸ ਨੂੰ ਪੈਡਿੰਗ ਰੱਖਿਆ ਜਾਂਦਾ ਹੈ।** |
| **ਹਾਊਸ ਦਾ ਫੈਸਲਾ :** | ਕੇਸ ਪੈਡਿੰਗ ਰੱਖਿਆ ਜਾਂਦਾ ਹੈ। |

10 :

ਦਫਤਰੀ ਰਿਪੋਰਟ ਕਿ ਹੇਠ ਲਿਖੇ ਅਨੁਸਾਰ ਕਰਮਚਾਰੀਆਂ ਦੀ ਦਰਖਾਸਤ ਅਨੁਸਾਰ ਮਾਨਯੋਗ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਨੇ ਹੇਠ ਲਿਖੇ ਅਨੁਸਾਰ ਕਰਮਚਾਰੀਆਂ ਦੀ ਬਦਲੀ ਸਬੰਧੀ ਰੂਲਾਂ/ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹਾਊਸ ਵਿੱਚ ਮਤਾ ਪਾਸ ਕਰਨ ਉਪਰੰਤ ਭੇਜਣ ਲਈ ਲਿਖਿਆ ਹੈ। ਕਰਮਚਾਰੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਕਰਮਚਾਰੀ ਦਾ ਨਾਮ | ਕਿੱਥੋਂ | ਕਿੱਥੇ | ਪੱਤਰ ਨੰਬਰ |
|---|---|---|---|---|
| 1 | ਡਿੰਪਲ ਸਿੰਗਲਾ | ਨਗਰ ਨਿਗਮ ਸ਼੍ਰੀ ਅੰਮ੍ਰਿਤਸਰ | ਨਗਰ ਨਿਗਮ | LG-D- |

| | | | | |
|---|---|---|---|---|
| | | ਸਾਹਿਬ | ਬਠਿੰਡਾ | RCOMISC/2/2023-ESTT |
| 2 | ਅਮਨਜੀਤ ਕੋਰ (ਅੰਗਹੀਣ) | ਨਗਰ ਨਿਗਮ ਜਲੰਧਰ | ਨਗਰ ਨਿਗਮ ਬਠਿੰਡਾ | LG-D-RCOMISC/2/2023-ESTT |
| 3 | ਲਵਪ੍ਰੀਤ ਕੋਰ | ਨਗਰ ਨਿਗਮ ਸ਼੍ਰੀ ਅੰਮ੍ਰਿਤਸਰ ਸਾਹਿਬ | ਨਗਰ ਨਿਗਮ ਬਠਿੰਡਾ | LG-D-RCOMISC/2/2023-ESTT(I-646168/2023) DT. 20.09.2023 |
| 4 | ਅਮਨਦੀਪ ਕੋਰ | ਨਗਰ ਨਿਗਮ ਲੁਧਿਆਣਾ | ਨਗਰ ਕੌਂਸਲ ਮਾਨਸਾ ਜਾਂ ਨਗਰ ਨਿਗਮ ਬਠਿੰਡਾ | ਮੀਮੋ ਨੰ: ਭਰਤੀ ਸੈਲ-ਡਸਸ-2023/459 ਮਿਤੀ 18.08.2023 |
| 5 | ਰਮਨਦੀਪ ਕੋਰ | ਨਗਰ ਨਿਗਮ ਲੁਧਿਆਣਾ | ਫਿਰੋਜ਼ਪੁਰ, ਫਰੀਦਕੋਟ, ਮੁਕਤਸਰ, ਬਠਿੰਡਾ | LG-D-RCOMISC/3/2023-ESTT(I-636341/2023) DT. 06.09.2023 |
| 6 | ਸਤਵਿੰਦਰ ਕੋਰ | ਨਗਰ ਨਿਗਮ ਸ਼੍ਰੀ ਅੰਮ੍ਰਿਤਸਰ ਸਾਹਿਬ | ਨਗਰ ਨਿਗਮ ਬਠਿੰਡਾ | LG-D-RCOMISC/3/2023-ESTT(I-636345/2023) |
| 7 | ਮਨਪ੍ਰੀਤ ਸਿੰਘ | ਨਗਰ ਨਿਗਮ ਲੁਧਿਆਣਾ | ਬੱਠਿਡਾ, ਅਬੋਹਰ, ਪਟਿਆਲਾ | LG-D-RCOMISC/2/2023-ESTT(I-635049/2023) DT. 05.09.2023 |
| 8 | ਬਲਜੀਤ ਸਿੰਘ | ਨਗਰ ਨਿਗਮ ਸ਼੍ਰੀ ਅੰਮ੍ਰਿਤਸਰ ਸਾਹਿਬ | ਨਗਰ ਨਿਗਮ ਬਠਿੰਡਾ | ਦਰਖਾਸਤ ਰਾਹੀਂ |
| 9 | ਅਮਨਦੀਪ ਕੋਰ | ਨਗਰ ਨਿਗਮ ਬਠਿੰਡਾ | ਨਗਰ ਨਿਗਮ ਪਟਿਆਲਾ | LG-D-RCOMISC/2/2023-ESTT(I-636338/2023) DT. 06.09.2023 |
| 10 | ਇਸ਼ੂ ਬਾਂਸਲ | ਨਗਰ ਨਿਗਮ ਬਠਿੰਡਾ | ਬਰਨਾਲਾ | ਮੀਮੋ ਨੰ: ਭਰਤੀ ਸੈਲ-ਡਸਸ-2023/422 ਮਿਤੀ 03.08.2023 |

ਸੋ, ਉਕਤ ਕਰਮਚਾਰੀਆਂ ਦੀ ਬਦਲੀ ਲਈ ਹਾਊਸ ਵਿੱਚ ਮਤਾ ਪਾਉਣ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| **ਸਬ-ਕਮੇਟੀ ਦਾ ਫੈਸਲਾ:** | **ਸਰਕਾਰ ਵੱਲੋਂ ਆਪਣੇ ਪੱਧਰ ਤੇ ਕੀਤੀ ਭਰਤੀ ਦੇ ਵਿਰੁੱਧ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਕੇਸ ਦਾਇਰ ਕੀਤਾ ਹੋਇਆ ਹੈ। ਮਾਨਯੋਗ ਅਦਾਲਤ ਦਾ ਫੈਸਲਾ ਆਉਣ ਉਪਰੰਤ ਬਣਦੀ ਕਾਰਵਾਈ ਕੀਤੀ ਜਾਵੇਗੀ। ਤੱਦ ਤੱਕ ਲਈ ਇਸ ਕੇਸ ਨੂੰ ਪੈਡਿੰਗ ਰੱਖਿਆ ਜਾਂਦਾ ਹੈ।** |
| **ਹਾਊਸ ਦਾ ਫੈਸਲਾ :** | **ਕੇਸ ਪੈਡਿੰਗ ਰੱਖਿਆ ਜਾਂਦਾ ਹੈ।** |

<u>11 :</u>

ਰਿਪੋਰਟ ਸਿਹਤ ਸ਼ਾਖਾ ਕਿ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਚੰਡੀਗੜ੍ਹ ਜੀ ਦੇ ਪੱਤਰ ਨੰ: ਸ1-ਡਸਸ-ਮਸਸ-2023/40031 ਮਿਤੀ 25.07.2023 ਅਤੇ ਨਗਰ ਨਿਗਮ ਜਲੰਧਰ ਵੱਲੋਂ ਪੱਤਰ ਨੰ: 607 ਮਿਤੀ 04.10.2023 ਜੋ ਕਿ ਨਿਗਮ ਨੂੰ ਡਾਇਰੀ ਨੰਬਰ 7684 ਮਿਤੀ 09.10.2023 ਨੂੰ ਪ੍ਰਾਪਤ ਹੋਇਆ ਹੈ, ਜਿਸ ਵਿੱਚ ਲਿਖਿਆ ਹੈ ਕਿ ਸ਼੍ਰੀ ਸੁਖਦੀਪ ਸਿੰਘ ਪੁੱਤਰ ਸਵ: ਸੁਰਜੀਤ ਸਿੰਘ ਮਿਤੀ 21.11.2017 ਤੋਂ ਨਗਰ ਨਿਗਮ ਜਲੰਧਰ ਵਿਖੇ

ਬਤੌਰ ਅੰਗਹੀਣ ਕੋਟੇ ਵਿੱਚ ਸਫਾਈ ਸੇਵਕ (ਗੂੰਗਾ ਬੋਲਾ) ਕੰਮ ਕਰ ਰਿਹਾ ਹੈ। ਉਸਦੇ ਪਿਤਾ ਜੀ ਦੀ ਮੌਤ ਹੋ ਚੁੱਕੀ ਹੈ ਅਤੇ ਉਸਦੇ ਮਾਤਾ ਜੀ ਬਜ਼ੁਰਗ ਅਵਸਥਾ ਵਿੱਚ ਹਨ। ਉਹਨਾਂ ਦੀ ਉਮਰ ਜਿਆਦਾ ਹੋਣ ਕਾਰਨ ਉਕਤ ਕਰਮਚਾਰੀ ਨੂੰ ਆਪਣੀ ਮਾਤਾ ਦੀ ਦੇਖਭਾਲ ਕਰਨ ਵਿੱਚ ਬਹੁਤ ਮੁਸ਼ਕਿਲ ਹੋ ਰਹੀ ਹੈ। ਉਸਦੀ ਪਤਨੀ ਵੀ ਗੂੰਗੀ ਬੋਲੀ ਹੈ। ਇਸਤੋਂ ਇਲਾਵਾ ਉਸ ਦੀਆਂ ਦੋ ਧੀਆਂ ਹਨ। ਸਾਰੇ ਪਰਿਵਾਰ ਦੀ ਦੇਖਭਾਲ ਕਰਨ ਵਾਲਾ ਹੋਰ ਕੋਈ ਨਹੀਂ ਹੈ। ਜਿਸ ਕਰਕੇ ਉਹ ਆਪਣੀ ਬਦਲੀ ਨਗਰ ਨਿਗਮ ਜਲੰਧਰ ਤੋਂ ਨਗਰ ਨਿਗਮ ਬਠਿੰਡਾ ਵਿਖੇ ਕਰਵਾਉਣਾ ਚਾਹੁੰਦਾ ਹੈ। ਨਗਰ ਨਿਗਮ ਜਲੰਧਰ ਵੱਲੋਂ ਸ਼੍ਰੀ ਸੁਖਦੀਪ ਸਿੰਘ ਪੁੱਤਰ ਸ਼੍ਰੀ ਸੁਰਜੀਤ ਸਿੰਘ ਵੱਲੋਂ ਬਦਲੀ ਸਬੰਧੀ ਕੀਤੀ ਪ੍ਰਤੀ ਬੇਨਤੀ ਮਤਾ ਨੰਬਰ 62 ਪ੍ਰਵਾਨ ਕਰਕੇ ਭੇਜਿਆ ਗਿਆ ਹੈ। ਇੱਥੇ ਇਹ ਦਸਣਯੋਗ ਹੈ ਕਿ ਉਕਤ ਕਰਮਚਾਰੀ ਵੱਲੋਂ ਪਹਿਲਾਂ ਵੀ ਬਦਲੀ ਸਬੰਧੀ ਨਗਰ ਨਿਗਮ ਬਠਿੰਡਾ ਵਿਖੇ ਦਰਖਾਸਤ ਦਿੱਤੀ ਗਈ ਸੀ। ਜਿਸਦੇ ਸਬੰਧ ਵਿੱਚ ਨਗਰ ਨਿਗਮ ਦੇ ਹਾਊਸ ਵਿੱਚ ਮਤਾ ਪਾਇਆ ਗਿਆ ਸੀ, ਜੋ ਕਿ ਹਾਊਸ ਵੱਲੋਂ ਕੈਂਸਲ ਕਰ ਦਿੱਤਾ ਗਿਆ ਸੀ। ਹੁਣ ਕਰਮਚਾਰੀ ਨੇ ਬਦਲੀ ਸਬੰਧੀ ਦੁਬਾਰਾ ਦਰਖਾਸਤ ਦਿੱਤੀ ਹੈ। ਸਫਾਈ ਕਰਮਚਾਰੀ ਦੀ ਆਸਾਮੀ ਗੈਰ ਪ੍ਰਾਂਤੀਕਰਨ ਕਾਡਰ ਹੋਣ ਕਾਰਨ ਦੂਸਰੀ ਨਗਰ ਨਿਗਮ ਵਿਖੇ ਬਦਲੀ ਨਹੀਂ ਕੀਤੀ ਜਾ ਸਕਦੀ। ਪਰੰਤੂ ਜੇਕਰ ਦੋਵੇਂ ਨਗਰ ਨਿਗਮਾਂ ਕਰਮਚਾਰੀ ਦੀ ਪ੍ਰਤੀ ਬੇਨਤੀ ਅਨੁਸਾਰ ਹਾਊਸ ਵਿੱਚ ਮਤਾ ਪਾ ਕੇ ਸਹਿਮਤੀ ਦੇਣ ਤਾਂ ਬਦਲੀ ਹੋ ਸਕਦੀ ਹੈ। ਸੋ ਸ਼੍ਰੀ ਸੁਖਦੀਪ ਸਿੰਘ ਪੁੱਤਰ ਸ਼੍ਰੀ ਸੁਰਜੀਤ ਸਿੰਘ ਦੀ ਬਦਲੀ ਨਗਰ ਨਿਗਮ ਜਲੰਧਰ ਤੋਂ ਨਗਰ ਨਿਗਮ ਬਠਿੰਡਾ ਵਿਖੇ ਕਰਨ ਲਈ ਰਿਪੋਰਟ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| **ਸਬ-ਕਮੇਟੀ ਦਾ ਫੈਸਲਾ:** | **ਰੱਦ ਕੀਤਾ ਜਾਂਦਾ ਹੈ।** |
| **ਹਾਊਸ ਦਾ ਫੈਸਲਾ :** | **ਸਬ-ਕਮੇਟੀ ਦਾ ਫੈਸਲਾ ਪ੍ਰਵਾਨ ਹੈ।** |

12 :

ਰਿਪੋਰਟ ਲੇਖਾ ਸ਼ਾਖਾ ਕਿ ਸ਼੍ਰੀ ਲਖਵੀਰ ਸਿੰਘ ਡਰਾਈਵਰ ਵੱਲੋਂ ਦਰਖਾਸਤ ਰਾਹੀਂ ਬੇਨਤੀ ਕੀਤੀ ਗਈ ਹੈ ਕਿ ਉਨ੍ਹਾਂ ਨੂੰ ਬਤੌਰ ਵਰਕਸ ਸੁਪਰਵਾਈਜ਼ਰ ਦੀ ਤਰੱਕੀ ਦਿੱਤੀ ਜਾਵੇ। ਸੀਨੀਅਰਤਾ ਸੂਚੀ ਅਨੁਸਾਰ ਸ਼੍ਰੀ ਲਖਵੀਰ ਸਿੰਘ ਡਰਾਈਵਰ ਬਾਕੀ ਡਰਾਈਵਰਾਂ ਤੋਂ ਸੀਨੀਅਰ ਹੈ। ਇਸ ਕਰਮਚਾਰੀ ਤੋਂ ਜਿਹੜੇ ਕਰਮਚਾਰੀ ਸੀਨੀਅਰ ਸਨ, ਉਹ ਜਾਂ ਤਾਂ ਰਿਟਾਇਰ ਹੋ ਚੁੱਕੇ ਹਨ ਜਾਂ ਉਹਨਾਂ ਕਰਮਚਾਰੀਆਂ ਦੀ ਮੌਤ ਹੋ ਚੁੱਕੀ ਹੈ। ਸੋ ਉਕਤ ਕਰਮਚਾਰੀ ਨੂੰ ਵਰਕਸ ਸੁਪਰਵਾਇਜ਼ਰ ਦੀ ਤਰੱਕੀ ਦਿੱਤੀ ਜਾ ਸਕਦੀ ਹੈ। ਵਰਕਸ ਸੁਪਰਵਾਈਜ਼ਰ ਦੀ ਆਸਾਮੀ ਲਈ ਰੂਲਜ਼ ਬਣਾ ਕੇ ਨਗਰ ਨਿਗਮ ਦੇ ਮਤਾ ਨੰਬਰ 113 ਮਿਤੀ 19.07.2022 ਰਾਹੀਂ ਪ੍ਰਵਾਨ ਕਰਨ ਉਪਰੰਤ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਚੰਡੀਗੜ੍ਹ ਜੀ ਵੱਲੋਂ ਸਰਵਿਸ ਰੂਲਜ਼ ਪ੍ਰਵਾਨ ਕੀਤੇ ਗਏ ਹਨ। ਨਗਰ ਨਿਗਮ ਵਿਖੇ ਵਰਕਸ ਸੁਪਰਵਾਇਜ਼ਰਾਂ ਦੀਆਂ 8 ਆਸਾਮੀਆਂ ਪ੍ਰਵਾਨਤ ਹਨ, ਜਿੰਨ੍ਹਾਂ ਵਿੱਚੋਂ ਤਿੰਨ ਕਰਮਚਾਰੀ ਕੰਮ ਕਰ ਰਹੇ ਹਨ ਅਤੇ ਬਾਕੀ 5 ਆਸਾਮੀਆਂ ਖਾਲੀ ਹਨ। ਸੋ ਉਕਤ ਕਰਮਚਾਰੀ ਨੂੰ ਬਤੌਰ ਵਰਕਸ ਸੁਪਰਵਾਈਜ਼ਰ ਦੀ ਤਰੱਕੀ ਦੇਣ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| **ਸਬ-ਕਮੇਟੀ ਦਾ ਫੈਸਲਾ:** | **ਨਿਯਮਾਂ ਅਨੁਸਾਰ ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |
| **ਹਾਊਸ ਦਾ ਫੈਸਲਾ :** | **ਨਗਰ ਨਿਗਮ ਵਿਖੇ ਖਾਲੀ ਪਈਆਂ ਵਰਕਸ ਸੁਪਰਵਾਇਜ਼ਰਾਂ ਦੀਆਂ ਆਸਾਮੀਆਂ ਨੂੰ ਭਰਨ ਸਬੰਧੀ ਕੇਸ ਦੁਬਾਰਾ ਸਬ-ਕਮੇਟੀ ਸਨਮੁੱਖ ਪੇਸ਼ ਕੀਤਾ ਜਾਵੇ। ਸਬ-ਕਮੇਟੀ ਵੱਲੋਂ ਦੁਬਾਰਾ ਵਿਚਾਰਨ ਉਪਰੰਤ ਫੈਸਲਾ ਕੀਤਾ ਜਾਵੇ। ਤੱਦ ਤੱਕ ਲਈ ਇਸ ਮੱਦ ਨੂੰ ਪੈਡਿੰਗ ਰੱਖਿਆ ਜਾਂਦਾ ਹੈ।** |

13:

ਦਫਤਰੀ ਰਿਪੋਰਟ ਕਿ ਮਾਨਯੋਗ ਸੁਪਰਡੰਟ ਗਰੇਡ-2 (ਜ) ਦਫਤਰ ਡਿਪਟੀ ਕਮਿਸ਼ਨਰ, ਬਠਿੰਡਾ ਜੀ ਵੱਲੋਂ ਪੱਤਰ ਨੰਬਰ ਐਮ.ਏ.2/ਐਮ.ਸੀ.8/1071 ਮਿਤੀ 11.05.2023 ਪ੍ਰਾਪਤ ਹੋਇਆ ਹੈ, ਜਿਸ ਵਿੱਚ ਸ਼੍ਰੀ ਪਵੇਲ ਜੋਰਾ ਪੁੱਤਰ ਸ਼੍ਰੀ ਤੇਜਿੰਦਰ ਸਿੰਘ ਵਾਸੀ ਰਾਜੀਵ ਗਾਂਧੀ ਕਲੋਨੀ ਬਠਿੰਡਾ ਵੱਲੋਂ ਦਰਖਾਸਤ ਨੱਥੀ ਕਰਕੇ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਕਰਨ ਲਈ ਲਿਖਿਆ ਗਿਆ ਹੈ। ਸ਼੍ਰੀ ਪਵੇਲ ਜੋਰਾ ਪੁੱਤਰ ਸ਼੍ਰੀ ਤੇਜਿੰਦਰ ਸਿੰਘ ਵੱਲੋਂ ਦਰਖਾਸਤ ਵਿੱਚ ਲਿਖਿਆ ਗਿਆ ਹੈ ਕਿ ਉਹ 100% ਨੇਤਰਹੀਣ ਹੈ ਅਤੇ ਇਸ ਸਮੇਂ ਨਗਰ ਨਿਗਮ, ਲੁਧਿਆਣਾ ਵਿਖੇ ਬਤੌਰ ਸਫਾਈ ਸੇਵਕ ਕੰਮ ਕਰ ਰਿਹਾ ਹੈ। ਉਹ ਆਪਣੇ ਰਿਹਾਇਸ਼ੀ ਸਥਾਨ ਤੋਂ ਇੰਨੀ ਦੂਰੀ ਤੇ ਹੈ। ਉਸਨੂੰ ਨੌਕਰੀ ਕਰਨ ਵਿੱਚ ਬਹੁਤ ਮੁਸ਼ਕਲ ਹੋ ਰਹੀ ਹੈ। ਉਸਦੇ ਪਿਤਾ ਬਜ਼ੁਰਗ ਅਵਸਥਾ ਵਿੱਚ ਹਨ ਅਤੇ ਜਦੋਂ ਉਹ ਉਸਨੂੰ ਨੌਕਰੀ ਤੇ ਛੱਡਣ ਆਉਂਦੇ ਹਨ ਤਾਂ ਉਹਨਾਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਸ ਕਰਕੇ ਉਹ ਆਪਣੀ ਬਦਲੀ ਨਗਰ ਨਿਗਮ ਲੁਧਿਆਣਾ ਤੋਂ ਨਗਰ ਨਿਗਮ ਬਠਿੰਡਾ ਵਿਖੇ ਕਰਵਾਉਣਾ ਚਾਹੁੰਦਾ ਹੈ। ਇੱਥੇ ਇਹ ਦਸਣਯੋਗ ਹੈ ਕਿ ਉਕਤ ਕਰਮਚਾਰੀ ਦੀ ਡਾਇਰੈਕਟਰ ਸਥਾਨਕ ਸਰਕਾਰ ਪੰਜਾਬ ਚੰਡੀਗੜ੍ਹ ਵੱਲੋਂ ਪਹਿਲਾਂ ਵੀ ਬਦਲੀ ਨਗਰ ਨਿਗਮ ਬਠਿੰਡਾ ਵਿਖੇ ਕੀਤੀ ਗਈ ਸੀ। ਜਿਸ ਦੇ ਸਬੰਧ ਵਿੱਚ ਨਗਰ ਨਿਗਮ ਬਠਿੰਡਾ ਦੇ ਹਾਊਸ ਵਿਚ ਮਤਾ ਪਾਇਆ ਗਿਆ ਸੀ, ਜੋ ਕਿ ਹਾਊਸ ਵੱਲੋਂ ਕੈਂਸਲ ਕਰ ਦਿੱਤਾ ਗਿਆ ਸੀ ਅਤੇ ਸ਼੍ਰੀ ਪਵੇਲ ਜੋਰਾ ਨੂੰ ਉਸਦੇ ਮੁੱਢਲੇ ਸਟੇਸ਼ਨ ਨਗਰ ਨਿਗਮ ਲੁਧਿਆਣਾ ਵਿਖੇ ਵਾਪਸ ਭੇਜ ਦਿੱਤਾ ਗਿਆ ਸੀ। ਹੁਣ ਕਰਮਚਾਰੀ ਨੇ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਰੂਲਾਂ ਦੇ ਪੱਤਰ ਦੀ ਕਾਪੀ ਦਰਖਾਸਤ ਨਾਲ ਨੱਥੀ ਕੀਤੀ ਹੈ, ਜਿਸ ਵਿੱਚ ਲਿਖਿਆ ਗਿਆ ਹੈ ਕਿ ਪੰਜਾਬ ਸਰਕਾਰ ਦੇ ਰੂਲਾਂ ਅਨੁਸਾਰ ਅੰਗਹੀਣ ਕਰਮਚਾਰੀਆ ਨੂੰ ਉਹਨਾਂ ਦੇ ਰਿਹਾਇਸ਼ੀ ਏਰੀਏ ਵਿੱਚ ਹੀ ਨਿਯੁਕਤ ਕੀਤਾ ਜਾਣਾ ਚਾਹੀਦਾ ਹੈ। ਸੋ ਕਰਮਚਾਰੀ ਦੀ ਪੇਸ਼ ਕੀਤੀ ਦਰਖਾਸਤ ਅਤੇ ਉਸ ਦੀਆਂ ਮੁਸ਼ਕਿਲਾਂ ਨੂੰ ਦੇਖਦੇ ਹੋਏ ਉਸਦੀ ਬਦਲੀ ਨਗਰ ਨਿਗਮ ਲੁਧਿਆਣਾ ਤੋਂ ਨਗਰ ਨਿਗਮ ਬਠਿੰਡਾ ਵਿਖੇ ਕਰਨ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| **ਸਬ-ਕਮੇਟੀ ਦਾ ਫੈਸਲਾ:** | **ਰੱਦ ਕੀਤਾ ਜਾਂਦਾ ਹੈ।** |

| | |
|---|---|
| ਹਾਊਸ ਦਾ ਫੈਸਲਾ : | ਸਬ-ਕਮੇਟੀ ਦਾ ਫੈਸਲਾ ਪ੍ਰਵਾਨ ਹੈ। |

| | |
|---|---|
| ਮਤਾ ਨੰਬਰ 282: | ਕਰਮਚਾਰੀਆਂ ਨਾਲ ਸਬੰਧਤ ਸਬ-ਕਮੇਟੀ ਵੱਲੋਂ ਲਏ ਗਏ ਫੈਸਲਿਆਂ ਸਬੰਧੀ ਹਾਊਸ ਵੱਲੋਂ ਲਏ ਗਏ ਫੈਸਲੇ ਪ੍ਰਵਾਨਤ ਹਨ। |

**ਏਜੰਡਾ ਨੰ: 25:**

ਦਫਤਰੀ ਰਿਪੋਰਟ ਕਿ ਸੀਵਰਮੈਨ ਯੂਨੀਅਨ ਅਤੇ ਸਫਾਈ ਸੇਵਕ ਯੂਨੀਅਨ ਮੰਗ ਕਰ ਰਹੀ ਹੈ ਕਿ 322 ਠੇਕੇ ਦੇ ਆਧਾਰ ਤੇ ਜੋ ਭਰਤੀ ਦੀ ਪ੍ਰਕ੍ਰਿਆ ਹੈ, ਉਸਨੂੰ ਰੱਦ ਕੀਤਾ ਜਾਵੇ ਅਤੇ ਆਉਟਸੋਰਸ ਤੇ ਕੰਮ ਕਰ ਰਹੇ ਸਫਾਈ ਸੇਵਕ/ਸੀਵਰਮੈਨਾਂ ਨੂੰ ਠੇਕੇ ਦੇ ਆਧਾਰ ਤੇ ਰੱਖਿਆ ਜਾਵੇ।

ਸੀਵਰਮੈਨ ਯੂਨੀਅਨ ਲਗਾਤਾਰ ਧਰਨੇ ਤੇ ਹੈ। ਮਾਨਯੋਗ ਕਮਿਸ਼ਨਰ ਸਾਹਿਬ ਵੱਲੋਂ ਮਿਤੀ 02.01.2024 ਨੂੰ ਸਫਾਈ ਸੇਵਕ ਯੂਨੀਅਨ ਅਤੇ ਸੀਵਰਮੈਨ ਯੂਨੀਅਨ ਨਾਲ ਮੀਟਿੰਗ ਕੀਤੀ ਗਈ। ਇਸ ਬਾਰੇ ਤਜਵੀਜ ਪੇਸ਼ ਕਰਨ ਲਈ ਮਾਨਯੋਗ ਕਮਿਸ਼ਨਰ ਸਾਹਿਬ ਵੱਲੋਂ ਸ਼੍ਰੀ ਸੰਦੀਪ ਗੁਪਤਾ, ਨਿਗਰਾਨ ਇੰਜੀਨੀਅਰ ਦੀ ਪ੍ਰਧਾਨਗੀ ਹੇਠ ਕਮੇਟੀ ਬਣਾਈ ਗਈ, ਜਿਸ ਵਿੱਚ ਨਿਮਨ ਹਸਤਾਖਰ ਤੋਂ ਇਲਾਵਾ ਸ਼੍ਰੀ ਸੰਦੀਪ ਕਟਾਰੀਆ, ਚੀਫ ਸੈਨਟਰੀ ਇੰਸਪੈਕਟਰ, ਸ਼੍ਰੀ ਗਰਰਾਜ ਸਿੰਘ, ਪ੍ਰਧਾਨ ਸੀਵਰ ਵਰਕਰ ਯੂਨੀਅਨ ਅਤੇ ਸ਼੍ਰੀ ਸੋਨੂੰ ਸਿਰਸਵਾਲ, ਪ੍ਰਧਾਨ ਸਫਾਈ ਸੇਵਕ ਯੂਨੀਅਨ ਮੈਂਬਰ ਬਣਾਏ ਗਏ। ਇਸ ਕਮੇਟੀ ਦੀ ਮਿਤੀ 03.01.2024 ਨੂੰ ਹੋਈ ਮੀਟਿੰਗ ਦੋਰਾਨ ਹੇਠ ਅਨੁਸਾਰ ਤੱਥ ਰੱਖੇ ਗਏ:

"ਨਗਰ ਨਿਗਮ ਬਠਿੰਡਾ ਵਿਖੇ ਹੇਠ ਲਿਖੁ ਅਨੁਸਾਰ ਆਉਟਸੋਰਸ ਤੇ ਕੁੱਲ 597 ਸਫਾਈ ਵਰਕਰ ਕੰਮ ਕਰ ਰਹੇ ਹਨ:

| | | |
|---|---|---|
| 1. ਡੋਰ ਟੂ ਡੋਰ ਗਾਰਬੇਜ਼ ਕੂਲੈਕਸ਼ਨ ਖਾਤਰ | : | 328 |
| 2. ਸਵੀਪਿੰਗ ਮਸ਼ੀਨਾਂ ਤੇ ਤੈਨਾਤ | : | 14 |
| 3. ਮੁੱਖ ਸੜ੍ਹਕਾਂ ਦੀ ਸਫਾਈ ਲਈ | : | 45 |
| 4. ਕੰਪੋਸਟ ਕੂਲੈਕਸ਼ਨ | : | 17 |
| 5. ਵਾਰਡਾਂ ਵਿੱਚ | : | 100 |
| 6. ਪਾਰਕਾਂ ਵਿੱਚ ਸਫਾਈ ਖਾਤਰ | : | 26 |
| 7. ਸੀਵਰਮੈਨ | : | 67 |
| ਕੁੱਲ | : | 597 |

ਮੀਟਿੰਗ ਵਿੱਚ ਫੈਸਲਾ ਲਿਆ ਗਿਆ ਕਿ 322 ਠੇਕੇ ਦੇ ਆਧਾਰ ਤੇ ਸਫਾਈ ਸੇਵਕਾਂ ਦੀ ਭਰਤੀ ਰੱਦ ਕਰਨ ਲਈ ਹਾਊਸ ਵਿੱਚ ਤਜਵੀਜ ਭੇਜੀ ਜਾਵੇ ਅਤੇ 597 ਸਫਾਈ ਵਰਕਰ ਠੇਕੇ ਦੇ ਆਧਾਰ ਤੇ ਭਰਤੀ ਕਰਨ ਦੀ ਪ੍ਰਕ੍ਰਿਆ ਆਰੰਭੀ ਜਾਵੇ। ਇਹ ਭਰਤੀ ਮੰਤਰੀ ਪ੍ਰੀਸ਼ਦ ਵੱਲੋਂ ਕੀਤੇ ਫੈਸਲੇ ਮਿਤੀ 28.06.2021 ਅਤੇ ਸਥਾਨਕ ਸਰਕਾਰ ਵੱਲੋਂ ਜਾਰੀ ਪੱਤਰ ਮਿਤੀ 23.06.2021 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਹੋਵੇਗੀ। ਇਸ ਭਰਤੀ ਤੇ ਸਰਕਾਰ ਵੱਲੋਂ ਜਾਰੀ ਪੱਤਰ ਸ5-ਡਸਸ-ਮਸਸ-2021/33271 ਮਿਤੀ 16.08.2021 ਰਾਹੀਂ ਜਾਰੀ ਹਦਾਇਤਾਂ ਵੀ ਲਾਗੂ ਹੋਣਗੀਆਂ"।

ਉਕਤ ਅਨੁਸਾਰ ਰਿਪੋਰਟ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

**ਸ੍ਰ: ਹਰਵਿੰਦਰ ਸਿੰਘ, ਕੌਂਸਲਰ, ਵਾਰਡ ਨੰਬਰ 36 ਨੇ ਕਿਹਾ ਕਿ ਉਹ 322 ਸਫਾਈ ਕਰਮਚਾਰੀਆਂ ਦੀ ਠੇਕੇ ਦੇ ਆਧਾਰ ਤੇ ਕੀਤੀ ਜਾ ਰਹੀ ਪ੍ਰਕ੍ਰਿਆ ਨੂੰ ਰੱਦ ਕਰਨ ਦੇ ਫੈਸਲੇ ਨਾਲ ਸਹਿਮਤ ਨਹੀਂ ਹਨ। ਉਹਨਾਂ ਦਸਿਆ ਕਿ 322 ਸਫਾਈ ਕਰਮਚਾਰੀਆਂ ਨੂੰ ਠੇਕੇ ਦੇ ਆਧਾਰ ਤੇ ਨਿਯੁਕਤ ਕਰਨ ਸਬੰਧੀ ਸਾਰੀ ਕਾਰਵਾਈ ਪਹਿਲਾਂ ਹੀ 5 ਮੈਂਬਰੀ ਸਬ-ਕਮੇਟੀ ਅਤੇ ਦਫਤਰ ਵੱਲੋਂ ਪੂਰੀ ਕੀਤੀ ਜਾ ਚੁੱਕੀ ਹੈ। ਇਸ ਪ੍ਰਕ੍ਰਿਆ ਵਿੱਚ ਆਨਲਾਈਨ ਦਰਖਾਸਤਾਂ ਪ੍ਰਾਪਤ ਹੋਈਆਂ ਸਨ ਅਤੇ ਇਸਤੇ ਬਹੁਤ ਜਿਆਦਾ ਸਮਾਂ ਵੀ ਲਗਿਆ ਹੈ। ਇਸ ਲਈ ਯੋਗ ਹੋਵੇਗਾ ਕਿ ਦਫਤਰ ਵੱਲੋਂ ਇਹਨਾਂ 322 ਸਫਾਈ ਕਰਮਚਾਰੀਆਂ ਨੂੰ ਨਿਯੁਕਤ ਕਰ ਲਿਆ ਜਾਵੇ। ਇਸਤੋਂ ਇਲਾਵਾ ਲੋੜ੍ਹ ਅਨੁਸਾਰ ਹੋਰ ਸਫਾਈ ਕਰਮਚਾਰੀਆਂ ਅਤੇ ਸੀਵਰਮੈਨਾਂ ਦੀ ਭਰਤੀ ਕਰਨ**

ਸਬੰਧੀ ਪ੍ਰਕਿਆ ਆਰੰਭੀ ਜਾਵੇ। ਇਸਤੇ ਸਮੁੱਚੇ ਹਾਊਸ ਵੱਲੋਂ ਖੜੇ ਹੋ ਕੇ ਸਹਿਮਤੀ ਪ੍ਰਗਟਾਈ ਗਈ ਅਤੇ ਨਾਲ ਇਹ ਵੀ ਕਿਹਾ ਕਿ ਆਊਟਸੋਰਸ ਤੇ ਲੱਗੇ ਮੁਲਾਜ਼ਮਾਂ ਨੂੰ ਇੰਨਸੋਰਸ ਕਰਨ ਸਬੰਧੀ ਵੀ ਕਾਰਵਾਈ ਕੀਤੀ ਜਾਵੇ।

ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ), ਨਗਰ ਨਿਗਮ ਬਠਿੰਡਾ ਨੇ ਦਸਿਆ ਕਿ 322 ਸਫਾਈ ਕਰਮਚਾਰੀਆਂ ਨੂੰ ਨਗਰ ਨਿਗਮ ਵਿਖੇ ਸਫਾਈ ਕਰਮਚਾਰੀਆਂ ਦੀਆਂ ਖਾਲੀ ਪਈਆਂ ਆਸਾਮੀਆਂ ਵਿਰੁੱਧ ਰੱਖਿਆ ਜਾਣਾ ਹੈ। ਬਠਿੰਡਾ ਸ਼ਹਿਰ ਵਿੱਚ ਏਮਜ਼ ਹਸਪਤਾਲ ਅਤੇ ਹੋਰ ਕਈ ਨਵੀਆਂ ਕਲੋਨੀਆਂ ਦੇ ਡਿਵੈਲਪ ਹੋਣ ਤੇ ਸ਼ਹਿਰ ਦਾ ਰਕਬਾ ਬਹੁਤ ਜਿਆਦਾ ਵੱਧ ਚੁੱਕਿਆ ਹੈ। ਸ਼ਹਿਰ ਵਿੱਚ ਸਫਾਈ ਅਤੇ ਸੀਵਰੇਜ਼ ਦੇ ਕੰਮ ਦੀ ਮਹਤੱਤਾ ਨੂੰ ਮੁੱਖ ਰੱਖਦੇ ਹੋਏ ਯੋਗ ਹੋਵੇਗਾ ਕਿ 597 ਹੋਰ ਸਫਾਈ ਵਰਕਰਾਂ/ ਸੀਵਰਮੈਨਾਂ ਨੂੰ ਸਰਕਾਰ ਵੱਲੋਂ ਜਾਰੀ ਪਾਲਿਸੀ/ਰੂਲਾਂ/ਹਦਾਇਤਾਂ ਅਨੁਸਾਰ ਰੱਖ ਲਿਆ ਜਾਵੇ ਤਾਂ ਜੋ ਸ਼ਹਿਰ ਵਿੱਚ ਸਫਾਈ ਅਤੇ ਸੀਵਰੇਜ਼ ਦੀ ਵਿਵਸਥਾ ਸੁਚਾਰੂ ਢੰਗ ਨਾਲ ਹੋ ਸਕੇ।

| | |
|---|---|
| ਮਤਾ ਨੰਬਰ 283:<br>25.01.2024 | 322 ਸਫਾਈ ਕਰਮਚਾਰੀਆਂ ਨੂੰ ਠੇਕੇ ਦੇ ਆਧਾਰ ਤੇ ਨਿਯੁਕਤ ਕਰਨ ਦੀ ਕਾਰਵਾਈ ਮੁੱਕਮੰਲ ਕੀਤੀ ਜਾਵੇ ਅਤੇ 597 ਸਫਾਈ ਵਰਕਰ/ਸੀਵਰਮੈਨ ਰੱਖਣ ਸਬੰਧੀ ਮੰਤਰੀ ਪ੍ਰੀਸ਼ਦ ਵੱਲੋਂ ਕੀਤੇ ਫੈਸਲੇ ਮਿਤੀ 18.06.2021 ਅਤੇ ਸਰਕਾਰ ਵੱਲੋਂ ਪੱਤਰ ਮਿਤੀ: 23.06.2021 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਸਫਾਈ ਸੇਵਕਾਂ/ਸੀਵਰਮੈਨਾਂ ਨੂੰ ਠੇਕੇ ਤੇ ਰੱਖਣ ਲਈ ਰੂਲਾਂ/ਹਦਾਇਤਾਂ ਅਨੁਸਾਰ ਅਤੇ ਪੱਤਰ ਵਿੱਚ ਦਰਸਾਈਆਂ ਸ਼ਰਤਾਂ ਮੁਤਾਬਕ ਬਣਦੀ ਪ੍ਰਕ੍ਰਿਆ ਆਰੰਭੀ ਜਾਵੇ। |

ਏਜੰਡਾ ਨੰ: 26:

ਦਫਤਰੀ ਰਿਪੋਰਟ ਕਿ ਸਰਕਾਰ ਦੇ ਪੱਤਰ ਨੰਬਰ ਸ2-ਜਸ-ਡਸਸ-2023-69089-143 ਮਿਤੀ 18.12.2023 ਰਾਹੀਂ ਨਗਰ ਨਿਗਮ ਬਠਿੰਡਾ ਵਿਖੇ ਕੰਮ ਕਰ ਰਹੇ ਕਰਮਚਾਰੀਆਂ ਨੂੰ Policy for Welfare of Adhoc, Contractual, Daily Wages,Work Charged and Temporary Employees ਅਧੀਨ ਕਵਰ ਹੋਣ ਮੁਲਾਜ਼ਮਾਂ ਦੀ ਗਿਣਤੀ ਸਬੰਧੀ ਪੁੱਛਿਆ ਗਿਆ ਹੈ। ਇਸ ਪਾਲਿਸੀ ਵਿੱਚ ਹੇਠ ਲਿਖੇ ਅਨੁਸਾਰ ਕਰਮਚਾਰੀ ਕਵਰ ਹੁੰਦੇ ਹਨ:

| ਲੜੀ ਨੰ: | ਨਾਮ | ਕੈਟੇਗਰੀ | ਜਾਤੀ |
|---|---|---|---|
| 1 | ਸ਼੍ਰੀ ਹਰਕਮਲ ਕੁਮਾਰ | ਬੇਲਦਾਰ | ਜਨਰਲ |
| 2 | ਸ਼੍ਰੀ ਯਾਦਵਿੰਦਰ ਸਿੰਘ | ਫਾਇਰਮੈਨ | ਜਨਰਲ |

ਸਰਕਾਰ ਦੇ ਉਕਤ ਪੱਤਰ ਰਾਹੀਂ ਹਦਾਇਤ ਹੋਈ ਹੈ ਕਿ ਉਮੀਦਵਾਰਾਂ ਦੀ ਗਿਣਤੀ ਦਰਸਾਉਂਦੇ ਹੋਏ ਡਿਟੇਲ ਵਿੱਚ ਮਤਾ ਹਾਊਸ ਪਾਸੋਂ ਪ੍ਰਵਾਨ ਕਰਵਾਇਆ ਜਾਵੇ।

ਉਕਤ ਅਨੁਸਾਰ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| ਮਤਾ ਨੰਬਰ 284: | ਪ੍ਰਵਾਨ ਹੈ। |

ਏਜੰਡਾ ਨੰ: 27:

ਦਫਤਰੀ ਰਿਪੋਰਟ ਕਿ ਅਧੀਨ ਡਾਇਰੈਕਟੋਰੇਟ, ਸਥਾਨਕ ਸਰਕਾਰ ਵਿਭਾਗ, ਪੰਜਾਬ ਚੰਡੀਗੜ੍ਹ ਜੀ ਵੱਲੋਂ ਪ੍ਰਾਪਤ ਪੱਤਰ ਨੰਬਰ ਭਰਤੀ ਸੈਲ-ਡਸਸ-2023/699 ਮਿਤੀ ਚੰਡੀਗੜ੍ਹ 23.11.2023 ਅਨੁਸਾਰ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਪ੍ਰਕਾਸ਼ਿਤ ਕੀਤੇ ਗਏ ਇਸ਼ਤਿਹਾਰ ਨੰ: 2 ਆਫ 2022 ਵਿੱਚ ਕਲੱਰਕ (ਲੀਗਲ) ਦੀਆਂ ਸਿੱਧੀ ਭਰਤੀ ਕਰਨ ਸਬੰਧੀ ਪੱਤਰ ਪ੍ਰਾਪਤ ਹੋਇਆ ਹੈ। ਜਿਸ ਵਿੱਚ ਹੇਠ ਲਿਖੇ ਉਮੀਦਵਾਰਾਂ ਨੂੰ ਮਿਤੀ 24.11.2023 ਤੱਕ ਨਿਯੁਕਤ ਪੱਤਰ ਜਾਰੀ ਕਰਨ ਲਈ ਦਿਸ਼ਾ ਨਿਰਦੇਸ਼ ਹੋਏ ਹਨ:

| Sr.No. | Application No. | Candidate Name/ Father's Name | Address | Category | Gender | Date of Birth | Marks | Recommended Category |
|---|---|---|---|---|---|---|---|---|
| 1 | PSSSBJO2002848 | JAGMEET SHARMA S/O BHIM SAIN | Ward No. 4, Thana Road Bhikhi, Distt. Mansa 151504 | General | M | 03.03.1993 | 59 | Open |
| 2 | PSSSBJO2003732 | GURPREET SINGH S/O BHAGAT SINGH | # 189, Street No. 7, Sarabha Nagar, | B.C | M | 11.08.1992 | 49.75 | Open |

| | | | | | | | | |
|---|---|---|---|---|---|---|---|---|
| | | | Malout, Distt Muktsar 152107 | | | | | |
| 3 | PSSSBJO2001002 | KASHISH KANSAL S/O ANIL KANSAL | Shiv Parvati Mandir, St. Ward No. 10, Distt Mansa 151505 | General | M | 14.04.1997 | 45.75 | Open (Female) |
| 4 | PSSSBJO2001206 | MANPREET SINGH YADAV S/O MOLU RAM YADAV | h.No 123, St.No. 4, Sunder Nagar, Distt. Patiala 147001 | B.C | M | 02.06.1987 | 30.5 | Open against Gen. Sports (Female) |

ਇਸ ਸਬੰਧੀ ਡਿਪਟੀ ਕਮਿਸ਼ਨਰ-ਕਮ-ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਰਿਪੋਰਟ ਕੀਤੀ ਹੈ ਕਿ "Approved. To be confirmed in the House later".

ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 285:** | **ਰੱਦ ਕੀਤਾ ਜਾਂਦਾ ਹੈ।** |

**ਏਜੰਡਾ ਨੰ: 28:**

ਰਿਪੋਰਟ ਸਿਹਤ ਸ਼ਾਖਾ ਕਿ ਮਤਾ ਨੰਬਰ 232(35) ਮਿਤੀ 07.07.2023 ਰਾਹੀਂ ਨਗਰ ਨਿਗਮ, ਬਠਿੰਡਾ ਦੇ ਜਨਤਕ ਪਖਾਨਿਆਂ ਅਤੇ ਕੰਮਿਊਨਿਟੀ ਪਖਾਨਿਆਂ ਦਾ ਕੰਮ (ਸਾਂਭ-ਸੰਭਾਲ ਅਤੇ ਸਾਫ ਸਫਾਈ) SBM-NULM Convergence for Sanitary Services ਅਧੀਨ City Livelihood Centre (NULM) ਨਾਲ ਇਕਰਾਰਨਾਮਾ ਕੀਤਾ ਗਿਆ ਹੈ। ਇਹ ਕਿ ਸ਼ਹਿਰ ਵਿੱਚ ਜਨਤਕ ਪਖਾਨਿਆਂ ਅਤੇ ਕੰਮਿਊਨਿਟੀ ਪਖਾਨਿਆਂ ਦਾ ਕੰਮ ਸਹੀ ਢੰਗ ਨਾਲ ਨਹੀਂ ਚੱਲ ਰਿਹਾ, ਜਿਸ ਕਾਰਨ ਨਗਰ ਨਿਗਮ ਅਕਸ ਖਰਾਬ ਹੋ ਰਿਹਾ ਹੈ ਅਤੇ ਆਮ ਜਨਤਾ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਖਾਨਿਆਂ ਸਬੰਧੀ ਸ਼ਹਿਰ ਵਿੱਚ ਹੇਠ ਲਿਖੀਆਂ ਮੁਸ਼ਕਿਲਾਂ ਆ ਰਹੀਆ ਹਨ:

1. ਇਸ ਕੰਮ ਲਈ 04 ਸੁਪਰਵਾਇਜ਼ਰ (ਆਊਟਸੋਰਸ) ਲਗਾਏ ਗਏ ਹਨ। ਸੁਪਰਵਾਇਜ਼ਰ ਨੂੰ ਹਰ ਦਿਨ 2-3 ਵਾਰ ਰਿਪੋਰਟ ਵਟਸ ਐਪ ਗਰੁੱਪ ਵਿੱਚ ਰਨ ਲਈ ਆਖਿਆ ਗਿਆ ਸੀ। ਪਰ ਵਾਰ-ਵਾਰ ਆਖਣ ਤੋਂ ਬਾਅਦ ਵੀ ਕਿਸੇ ਸੁਪਰਵਾਇਜ਼ਰ ਵੱਲੋਂ ਪਖਾਨਿਆਂ ਸਬੰਧੀ ਰਿਪੋਰਟ ਨਹੀਂ ਕੀਤੀ ਜਾ ਰਹੀ।
2. ਪਖਾਨਿਆਂ ਤੇ ਲਗਾਏ ਗਏ ਅਟੈਂਡੇਂਟ ਅਕਸਰ ਹੀ ਪਖਾਨਿਆਂ ਤੋਂ ਗੈਰ-ਹਾਜ਼ਰ ਰਹਿੰਦੇ ਹਨ।
3. ਪਖਾਨਿਆ ਦੀ ਸਾਫ ਸਫਾਈ ਅਤੇ ਸਾਂਭ-ਸੰਬਾਲ ਦਾ ਪੱਥਰ ਥੱਲੇ ਡਿਗਿਆ ਹੈ।
4. ਪਖਾਨਿਆਂ ਤੇ ਕੰਮ ਕਰ ਰਹੇ ਸੈਲਫ ਹੈਲਪ ਗਰੁੱਪ ਦੇ ਮੈਂਬਰਾਂ ਨੂੰ ਸਮੇਂ ਸਿਰ ਤਨਖਾਹ ਨਹੀਂ ਦਿੱਤੀ ਜਾ ਰਹੀ, ਜਿਸ ਕਾਰਨ ਉਹ ਵਾਰ-ਵਾਰ ਦਫਤਰ ਵਿੱਚ ਆਉਂਦੇ ਹਨ ਅਤੇ ਦਫਤਰ ਦਾ ਕਾਫੀ ਸਮਾਂ ਖਰਾਬ ਹੁੰਦਾ ਹੈ।
5. ਇਸ ਨਾਲ ਪਖਾਨਿਆਂ ਦੀ ਮੈਨਟੀਨੈਂਸ ਦਾ ਖਰਚਾ ਵੀ ਕਾਫੀ ਵੱਧ ਹੋ ਰਿਹਾ ਹੈ, ਕਿਉਂਕਿ ਇਹਨਾਂ ਨੂੰ ਵਾਰ-ਵਾਰ ਰਿਪੇਅਰ ਕਰਵਾਉਣਾ ਪੈ ਰਿਹਾ ਹੈ।
6. ਪਖਾਨਿਆਂ ਵਿੱਚ ਸਾਫ ਸਫਾਈ ਦੇ ਸਮਾਨ ਦੀ ਵੀ ਕਮੀ ਹੈ। ਇਹ ਹਰ ਵੇਲੇ ਖਤਮ ਰਹਿੰਦਾ ਹੈ।
7. ਪਖਾਨਿਆਂ ਤੇ ਅਨੁਮਾਨਤ ਯੂਜ਼ਰ ਚਾਰਜ਼ ਕੁਲੈਕਸ਼ਨ ਵੀ ਘੱਟ ਹੋ ਰਹੀ ਹੈ।

ਇਹ ਕਿ ਨਗਰ ਨਿਗਮ ਬਠਿੰਡਾ ਦੇ ਮਤਾ ਨੰਬਰ 232(35) ਮਿਤੀ 07.07.2023 ਰਾਹੀਂ ਸ਼ਹਿਰ ਦੇ ਪਖਾਨਿਆਂ ਦੀ ਸਾਂਭ-ਸੰਭਾਲ ਅਤੇ ਸਾਫ-ਸਫਾਈ ਦੇ ਕੰਮ SBM-NULM Convergence for Sanitary Services ਅਧੀਨ City Livelihood Centre (NULM) ਨੂੰ ਦੇਣ ਤੋਂ ਪਹਿਲਾਂ ਦਫਤਰ ਦੇ ਮਤਾ ਨੰਬਰ 122 ਮਿਤੀ 28.09.2022 ਰਾਹੀਂ ਨਗਰ ਨਿਗਮ ਬਠਿੰਡਾ ਵੱਲੋਂ ਨਗਰ ਨਿਗਮ ਬਠਿੰਡਾ ਦੇ ਪਖਾਨਿਆ ਦੀ ਸਾਂਭ-ਸੰਭਾਲ ਅਤੇ ਸਾਫ ਸਫਾਈ ਦਾ ਕੰਮ ਠੇਕੇ ਤੇ ਦੇਣ ਲਈ ਕਾਰਵਾਈ ਸ਼ੁਰੂ ਕੀਤੀ ਗਈ ਸੀ। ਇਸ ਸਬੰਧੀ ਚੀਫ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਚੰਡੀਗੜ੍ਹ ਜੀ ਤੋਂ ਪਹਿਲਾਂ ਹੀ ਤਖਮੀਨਾ ਮੁਬਲਿਗ 1,16,37,426/53 ਰੁਪਏ (Say 117.00 ਲੱਖ ਰੁਪਏ) ਪ੍ਰਵਾਨ ਹੈ। ਉਕਤ ਕੰਮ ਨੂੰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਈ-ਟੈਂਡਰ ਪ੍ਰਣਾਲੀ ਰਾਹੀਂ ਠੇਕੇ ਤੇ ਦੇਣ ਲਈ ਹਾਊਸ ਦੀ ਪ੍ਰਵਾਨਗੀ ਦੀ ਜਰੂਰਤ ਹੈ।

ਇਸ ਸਬੰਧੀ ਚੀਫ ਸੈਨਟਰੀ ਇੰਸਪੈਕਟਰ, ਨਗਰ ਨਿਗਮ ਬਠਿੰਡਾ ਨੇ ਰਿਪੋਰਟ ਕੀਤੀ ਹੈ ਕਿ ਇਸ ਵਿੱਚ ਪੁਰਾਣਾ ਟੈਂਡਰ ਕੈਂਸਲ ਕਰਨ ਦੀ ਜਰੂਰਤ ਹੈ। ਕਿਉਂਕਿ NULM ਨੂੰ ਕੰਮ ਹਾਊਸ ਦੀ ਪ੍ਰਵਾਨਗੀ ਉਪਰੰਤ ਦਿੱਤਾ ਗਿਆ ਸੀ।

ਇਸ ਸਬੰਧੀ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਰਿਪੋਰਟ ਕੀਤੀ ਹੈ ਕਿ "As proposed Pl. In view of urgency, in-anticipation of house approval, tender may be floated pl."

ਉਕਤ ਦੇ ਮੱਦੇ ਨਜ਼ਰ ਮਾਨਯੋਗ ਮੇਅਰ ਨਗਰ ਨਿਗਮ ਬਠਿੰਡਾ ਜੀ ਨੇ ਕੰਮ ਦੀ ਮਹਤੱਤਾ ਨੂੰ ਮੁੱਖ ਰੱਖਦੇ ਹੋਏ ਹਾਊਸ ਤੋਂ ਪ੍ਰਵਾਨਗੀ ਦੀ ਆਸ ਵਿੱਚ ਮਿਤੀ 26.09.2023 ਨੂੰ ਇਸ ਕੰਮ ਦੇ ਟੈਂਡਰ ਲਗਾਉਣ ਦੀ ਮੰਨਜ਼ੂਰੀ ਦਿੱਤੀ ਗਈ ਅਤੇ ਇਹ ਵੀ ਹਦਾਇਤ ਕੀਤੀ ਗਈ ਕਿ ਇਸ ਕੰਮ ਦਾ ਵਰਕ ਆਰਡਰ ਹਾਊਸ ਤੋਂ ਮੰਨਜ਼ੂਰੀ ਮਿਲਣ ਉਪਰੰਤ ਹੀ ਜਾਰੀ ਕੀਤਾ ਜਾਵੇ।

ਰਿਪੋਰਟ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

| ਮਤਾ ਨੰਬਰ 286: | ਪ੍ਰਵਾਨ ਹੈ। |
|---|---|

**ਏਜੰਡਾ ਨੰ: 29:**

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ Arbitration Case M/s. Triveni Engineering & Induestries Ltd. Noida V/s Superintending Engineer PWSSB Bathinda & Others ਕੇਸ ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ ਵੱਲੋਂ Mr. Justice Parkash Prabhakar Naolekar, Former Judge of the Hon'ble Supreme Court of India ਨੂੰ ਪਹਿਲਾਂ ਨਿਯੁਕਤ ਕੀਤੇ ਆਰਬੀਟਰੇਟਰ ਦੀ ਜਗ੍ਹਾ ਤੇ ਸਬਸੀਚਿਊਟ ਆਰਬੀਟਰੇਟਰ ਲਗਾਇਆ ਗਿਆ ਹੈ। ਇਸ ਕੇਸ ਲਈ ਸੋਲ ਆਰਬੀਟਰੇਟਰ ਵੱਲੋਂ ਆਰਬੀਟ੍ਰੇਸ਼ਨ ਦੀ ਫੀਸ ਦੀ ਅਦਾਇਗੀ ਲਈ ਆਰਡਰ ਜਾਰੀ ਕੀਤੇ ਗਏ ਸਨ। ਇਹਨਾਂ ਕੇਸਾਂ ਵਿੱਚ ਆਰਬੀਟਰੇਟਰ ਵੱਲੋਂ ਮਿਤੀ 01.11.2023 ਨੂੰ ਆਰਬੀਟ੍ਰੇਸ਼ਨ ਫੀਸ ਅਤੇ ਹੋਰ ਖਰਚਿਆਂ ਦੀ ਅਦਾਇਗੀ ਮਿਤੀ 12.11.2023 ਤੋਂ ਪਹਿਲਾਂ-ਪਹਿਲਾਂ ਕਰਨ ਲਈ ਹਦਾਇਤਾਂ ਦਿੱਤੀਆਂ ਗਈਆਂ ਸਨ। ਆਰਬੀਟ੍ਰੇਸ਼ਨ ਵੱਲੋਂ ਮਿਤੀ 29.11.2023 ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ। ਜਿਸ ਅਨੁਸਾਰ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵੱਲੋਂ ਕਲੇਮ ਪਟੀਸ਼ਨ ਅਤੇ ਕਾਊਂਟਰ ਕਲੇਮ ਦੋਨਾਂ ਕੇਸਾਂ ਵਿੱਚ ਆਰਬੀਟ੍ਰੇਸ਼ਨ ਫੀਸ ਅਤੇ ਹੋਰ ਖਰਚੇ ਜਮ੍ਹਾਂ ਨਹੀਂ ਕਰਵਾਏ ਗਏ ਹਨ। ਇਹਨਾਂ ਹਾਲਾਤਾਂ ਵਿੱਚ "The Arbitrator is constrained to issue this order Section 38(2) of the 1996 Act, asking the respondent Triveni Engineering & Industries Ltd. whether it is ready and willing to deposit the fees and expenses of the claimant Superintending Engineer, PWSSB in counter claim on before 12.12.2023".

ਉਕਤ ਅਨੁਸਾਰ ਆਰਬੀਟਰੇਟਰ ਵੱਲੋਂ ਕੁੱਲ ਫੀਸ 37,50,000/- ਰੁਪਏ ਦੀ ਮੰਗ ਕੀਤੀ ਗਈ ਹੈ, ਜਿਸਦੀ ਅੰਦਾਜ਼ਨ 18,75,000/- ਰੁਪਏ ਪਹਿਲਾਂ ਕਿਸ਼ਤ ਵੱਜੋਂ ਦਿੱਤਾ ਜਾਣਾ ਹੈ। ਇਸ ਲਈ ਆਰਬੀਟਰੇਟਰ ਨੂੰ 18,75,000/- ਰੁਪਏ ਦੀ ਪਹਿਲੀ ਕਿਸ਼ਤ ਦੀ ਅਦਾਇਗੀ ਕਰਨ ਦੀ ਪ੍ਰਵਾਨਗੀ ਲਈ ਰਿਪੋਰਟ ਕੀਤੀ ਗਈ ਹੈ।

ਇਸ ਸਬੰਧੀ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਰਿਪੋਰਟ ਕੀਤੀ ਹੈ ਕਿ Perused. The issue has vast financial implications. In the interim, we may pay the amunt and refer the matter to Secy. LG to take a call on as to who will bear final liability, if any. Matter may also be allowed to be placed before house in next meeting".

ਕੇਸ ਹਾਊਸ ਦੇ ਵਿਚਾਰ ਹਿੱਤ।

| ਮਤਾ ਨੰਬਰ 287: | ਪ੍ਰਵਾਨ ਹੈ। |
|---|---|

**ਏਜੰਡਾ ਨੰ: 30:**

ਦਫਤਰੀ ਰਿਪੋਰਟ ਕਿ ਸਾਲ 2004 ਵਿੱਚ ਨਗਰ ਨਿਗਮ ਬਠਿੰਡਾ ਵੱਲੋਂ ਕਾਨੂੰਨੀ ਸਲਾਹਕਾਰ ਨਿਯੁੱਕਤ ਕਰਨ ਲਈ ਜਿਲ੍ਹਾ ਬਾਰ ਕੋਂਸਲ ਬਠਿੰਡਾ ਰਾਹੀਂ ਦਰਖਾਸਤਾਂ ਮੰਗੀਆਂ ਗਈਆਂ ਸਨ ਅਤੇ ਇਸ ਸਬੰਧੀ 15 ਦਰਖਾਸਤਾਂ ਪ੍ਰਾਪਤ ਹੋਈਆਂ ਸਨ। ਇਹਨਾਂ ਉਮੀਦਵਾਰਾਂ ਦੀ ਰਿਟ: ਜੱਜ, ਉਸ ਸਮੇਂ ਦੇ ਕਮਿਸ਼ਨਰ ਅਤੇ ਉਸ ਸਮੇਂ ਦੇ ਸਹਾਇਕ ਕਮਿਸ਼ਨਰ ਦੀ ਸਬ-ਕਮੇਟੀ ਵੱਲੋਂ ਇੰਟਰਵਿਊ ਲਈ ਗਈ ਸੀ। ਸਬ-ਕਮੇਟੀ ਵੱਲੋਂ ਇੰਟਰਵਿਊ ਤੋਂ ਬਾਅਦ ਸ਼੍ਰੀ ਅਨਿਲ ਗੁਪਤਾ, ਐਡਵੋਕੇਟ ਨਿਯੁਕਤ ਕੀਤਾ ਗਿਆ ਸੀ। ਸਾਲ 2010 ਵਿੱਚ ਸ਼੍ਰੀ ਅਨਿਲ ਗੁਪਤਾ ਦੀ ਥਾਂ ਸਥਾਨਕ ਸਰਕਾਰ ਵਿਭਾਗ ਵੱਲੋਂ ਨਗਰ ਨਿਗਮ ਬਠਿੰਡਾ ਵਿਖੇ ਸ਼੍ਰੀ ਸੰਜੀਵ ਸੋਨੀ ਨੂੰ ਰੈਗੂਲਰ ਕਾਨੂੰਨੀ ਸਲਾਹਕਾਰ ਨਿਯੁਕਤ ਕੀਤਾ ਗਿਆ ਅਤੇ ਸ੍ਰੀ ਸੰਜੀਵ ਸੋਨੀ ਮਿਤੀ 30.06.2015 ਨੂੰ ਸਵੈ-ਇਛੁੱਕ ਰਿਟਾਇਰਮੈਂਟ ਲੈ ਗਏ ਸਨ। ਇਸ ਉਪਰੰਤ ਨਗਰ ਨਿਗਮ ਵੱਲੋਂ ਮਤਾ ਨੰਬਰ 290 ਮਿਤੀ 20.10.2014 ਰਾਹੀਂ ਫਿਰ ਤੋਂ ਕ੍ਰਮਵਾਰ ਸ਼੍ਰੀ ਅਨਿਲ ਗੁਪਤਾ ਐਡਵਵੋਕੇਟ ਅਤੇ ਮਿਸ ਕਿਸ਼ੂ ਜਿੰਦਲ ਨੂੰ ਰਿਟੇਨਰ ਐਡਵੋਕੇਟ ਨਿਯੁਕਤ ਕੀਤਾ ਗਿਆ ਸੀ। ਮਿਸ ਕਿਸ਼ੂ ਜਿੰਦਲ ਰਿਟੇਨਰਸ਼ਿਪ ਛੱਡ ਗਏ ਹਨ ਅਤੇ ਇਸ ਸਮੇਂ ਸ਼੍ਰੀ ਅਨਿਲ ਗੁਪਤਾ ਬਤੌਰ ਰਿਟੇਨਰ ਐਡਵੋਕੇਟ/ਕਾਨੂੰਨੀ ਸਲਾਹਕਾਰ ਸੇਵਾ ਨਿਭਾ ਰਹੇ ਹਨ। ਸ਼੍ਰੀ ਅਨਿਲ ਗੁਪਤਾ ਨੂੰ ਸਥਾਨਕ ਸਰਕਾਰ ਵਿਭਾਗ ਪੰਜਾਬ ਸਰਕਾਰ ਦੇ ਯਾਦ ਪੱਤਰ ਨੰਬਰ 9/28/2002-2ਸਸ4/2231 ਮਿਤੀ 01.11.2011 ਦੀਆਂ ਹਦਾਇਤਾਂ ਅਨੁਸਾਰ ਨਗਰ ਨਿਗਮ ਵੱਲੋਂ 10,000/- ਰੁਪਏ ਮਹੀਨਾ ਰਿਟੈਨਰ ਫੀਸ ਦੀ ਅਦਾਇਗੀ ਕੀਤੀ ਜਾਂਦੀ ਹੈ।

ਇਸ ਸਮੇਂ ਨਗਰ ਨਿਗਮ ਬਠਿੰਡਾ ਵਿਖੇ ਕੋਈ ਰੈਗੂਲਰ ਕਾਨੂੰਨੀ ਸਲਾਹਕਾਰ ਨਿਯੁਕਤ ਨਹੀਂ ਹੈ। ਨਗਰ ਨਿਗਮ ਬਠਿੰਡਾ ਵਿਖੇ ਨਿਚਲੀਆਂ ਅਦਾਲਤਾਂ ਵਿੱਚ ਇਸ ਸਮੇਂ ਲਗਭਗ 300 ਕੇਸਚੱਲ ਰਹੇ ਹਨ ਅਤੇ ਹਰ ਮਹੀਨੇ 4-5 ਕੇਸ ਹੋਰ ਨਵੇਂ ਆ ਜਾਂਦੇ ਹਨ। ਇਸ ਤਰ੍ਹਾਂ ਇੱਕ ਰਿਟੇਨਰ ਐਡਵੋਕੇਟ ਪਾਸ ਕੰਮ ਬਹੁਤ ਜਿਆਦਾ ਹੈ। ਇਸ ਲਈ ਨਗਰ ਨਿਗਮ ਬਠਿੰਡਾ ਵਿਖੇ ਇੱਕ ਰਿਟੇਨਰ ਐਡਵੋਕੇਟ ਦੀ ਜਰੂਰਤ ਹੈ। ਸੋ ਉਕਤ ਦੇ ਮੱਦੇ ਨਜ਼ਰ ਸਰਕਾਰ ਵੱਲੋਂ ਮਿਤੀ 01.11.2011 ਦੀਆਂ ਹਦਾਇਤਾਂ ਅਨੁਸਾਰ 10,000/- ਰੁਪਏ ਪ੍ਰਤੀ ਮਹੀਨਾ ਰਿਟੇਨਰ ਐਡਵੋਕੇਟ/ਕਾਨੂੰਨੀ ਸਲਾਹਕਾਰ ਨਿਯੁਕਤ ਕਰਨ ਸਬੰਧੀ ਜਿਲ੍ਹਾ ਬਾਰ ਕੋਂਸਲ ਬਠਿੰਡਾ ਰਾਹੀਂ ਦਰਖਾਸਤਾਂ ਲੈਣ ਉਪਰੰਤ ਸਬ-ਕਮੇਟੀ ਦੁਆਰਾ ਨਿਯੁਕਤ ਕਰਨ ਲਈ ਤਜਵੀਜ ਦੀ ਪ੍ਰਵਾਨਗੀ ਨਿਗਮ ਹਾਊਸ ਤੋਂ ਪ੍ਰਵਾਨ ਕਰਵਾਉਣ ਅਤੇ ਇਸ ਨਿਯੁਕਤੀ ਸਬੰਧੀ ਸ਼ਰਤਾਂ ਤੈਅ ਕਰਨ ਲਈ ਕਮਿਸ਼ਨਰ ਨਗਰ ਨਿਗਮ ਬਠਿੰਡਾ ਨੂੰ ਅਧਿਕਾਰਤ ਕਰਨ ਦੀ ਪ੍ਰਵਾਨਗੀ ਲੈਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| ਮਤਾ ਨੰਬਰ 288: | ਪ੍ਰਵਾਨ ਹੈ। |

**ਏਜੰਡਾ ਨੰ: 31:**

ਰਿਪੋਰਟ ਵਰਕਸ ਸ਼ਾਖਾ ਕਿ ਨਗਰ ਨਿਗਮ ਵੱਲੋਂ ਗੋਨਿਆਨਾ ਰੋਡ ਤੋਂ ਸੁੱਚਾ ਸਿੰਘ ਨਗਰ ਮੇਨ ਰੋਡ ਦੀਆਂ ਬਰਮਾਂ ਤੇ ਇੰਟਰਲਾਕਿੰਗ ਟਾਇਲਾਂ ਲਗਾਈਆਂ ਜਾਣੀਆਂ ਹਨ। ਉਕਤ ਜਗ੍ਹਾ ਉਪਰ ਟਾਈਲਾਂ ਲਗਾਉਣ ਲਈ ਬਿਜਲੀ ਦੇ ਪੋਲ ਅੇਤ ਤਾਰਾਂ ਸ਼ਿਫਟ ਕੀਤੀਆਂ ਜਾਣੀਆਂ ਹਨ। ਜਿਸ ਲਈ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਨੂੰ ਪੱਤਰ ਨੰਬਰ 975/ਵ ਮਿਤੀ 19.10.2023 ਰਾਹੀਂ ਲਿਖ ਕੇ ਇਸ ਉਪਰ ਆਉਣ ਵਾਲੇ ਖਰਚੇ ਦਾ ਐਸਟੀਮੇਟ ਮੰਗਿਆ ਗਿਆ ਸੀ। ਜਿਸ ਤੇ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਵੱਲੋਂ ਆਪਣੇ ਪੱਤਰ ਨੰਬਰ 5253 ਮਿਤੀ 11.12.2023 ਰਾਹੀਂ ਪੋਲਾਂ ਅਤੇ ਤਾਰਾਂ ਨੂੰ ਸ਼ਿਪਟ ਕਰਨ ਤੇ 2,81,752/- ਰੁਪਏ ਦਾ ਖਰਚਾ ਆਉਣਾ ਦਸਿਆ ਗਿਆ ਹੈ। ਸੋ ਉਕਤ ਖਰਚ ਦੀ ਅਦਾਇਗੀ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਨੂੰ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| ਮਤਾ ਨੰਬਰ 289: | **ਪੈਡਿੰਗ ਰੱਖਿਆ ਜਾਂਦਾ ਹੈ।** |

**ਏਜੰਡਾ ਨੰ: 32:**

ਰਿਪੋਰਟ ਵਰਕਸ ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ (ਭ ਤੇ ਮ ਸ਼ਾਖਾ) ਬਠਿੰਡਾ ਵੱਲੋਂ ਆਪਣੇ ਪੱਤਰ ਨੰਬਰ 8801 ਮਿਤੀ 18.01.2014 ਰਾਹੀਂ ਰਿੰਗ ਰੋਡ ਟੂ ਗੋਨਿਆਨਾ ਰੋਡ ਥਰਮਲ ਕਲੋਨੀ ਸਰਹਿੰਦ ਕੈਨਾਲ ਦੇ ਨਾਲ ਬਣੇ 4 ਕਿਲੋਮੀਟ ਲੰਬੇ ਸਾਈਕਲ ਟਰੈਕ ਨੂੰ ਟੇਕ ਓਵਰ ਕਰਨ ਲਈ ਲਿਖਿਆ ਗਿਆ ਹੈ।

ਉਕਤ ਸਬੰਧੀ ਦਸਿਆ ਜਾਂਦਾ ਹੈ ਕਿ ਇਸ ਟਰੈਕ ਦਾ ਨਿਰਮਾਣ ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ (ਭ ਤੇ ਮ ਸ਼ਾਖਾ) ਬਠਿੰਡਾ ਵੱਲੋਂ ਕੀਤਾ ਗਿਆ ਹੈ। ਇਸ ਟਰੈਕ ਉਪਰ ਕੰਕਰੀਟ ਪਾਈ ਹੋਈ ਹੈ। ਇਸ 4 ਕਿਲੋਮੀਟਰ ਲੰਬੇ ਸਾਈਕਲ ਟਰੈਕ ਦੀਆਂ ਸਾਈਡਾਂ ਉਪਰ ਸਟਰੀਟ ਲਾਈਟਾਂ ਪਹਿਲਾਂ ਹੀ ਨਗਰ ਨਿਗਮ ਵੱਲੋਂ ਟੇਕ ਓਵਰ ਕੀਤੀਆਂ ਹੋਈਆਂ ਹਨ। ਇਸ ਸਾਈਕਲ ਟਰੈਕ ਨੂੰ ਟੇਕ ਓਵਰ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| ਮਤਾ ਨੰਬਰ 290: | **ਪ੍ਰਵਾਨ ਹੈ। ਮਜ਼ੀਦ ਪਾਸ ਕੀਤਾ ਗਿਆ ਕਿ ਸਾਈਕਲ ਟਰੈਕ ਟੇਕ ਓਵਰ ਕਰਨ ਤੋਂ ਪਹਿਲਾਂ ਵਿਸਥਾਰਪੂਰਵਕ ਰਿਪੋਰਟ ਮੇਅਰ ਆਫਿਸ ਵਿੱਚ ਪੇਸ਼ ਕੀਤੀ ਜਾਵੇ।** |

**ਏਜੰਡਾ ਨੰ: 33:**

ਰਿਪੋਰਟ ਵਾਟਰ ਸਪਲਾਈ ਅਤੇ ਸੀਵਰੇਜ਼ ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ, ਮੰਡਲ ਨੰਬਰ 2 ਬਠਿੰਡਾ ਦੇ ਪੱਤਰ ਨੰਬਰ 510 ਮਿਤੀ 18.01.2024 ਰਾਹੀਂ 5.74 ਕਰੋੜ੍ਹ ਰੁਪਏ ਦਾ Estimate for Construction of 2 No. S&S Tank, Construction of Raw Water Channel at Growth Centre,Bathindaਪ੍ਰਾਪਤ ਹੋਇਆ ਹੈ। ਇਸ ਸਬੰਧੀ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਜੀ ਨੇ ਰਿਪੋਰਟ ਕੀਤੀ ਹੈ ਕਿ "Keeping in view the financial position of MCB, work may be got executed under AMRUT 2.0 pl". ਮਾਨਯੋਗ ਹਾਊਸ ਦੀ ਪ੍ਰਵਾਨਗੀ ਤੋਂ ਬਗੈਰ ਕੋਈ ਵੀ ਅਦਾਇਗੀ ਨਹੀਂ ਕੀਤੀ ਜਾ ਸਕਦੀ। ਇਸ ਲਈ ਮਾਨਯੋਗ ਹਾਊਸ ਤੋਂ ਤਖਮੀਨੇ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਾਸਲ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਸ੍ਰ: ਹਰਵਿੰਦਰ ਸਿੰਘ, ਕੌਂਸਲਰ ਵਾਰਡ ਨੰਬਰ 36 ਨੇ ਦਸਿਆ ਕਿ ਇਸ ਕੰਮ ਸਬੰਧੀ ਹਾਊਸ ਵੱਲੋਂ ਹੀ ਸਬ-ਕਮੇਟੀ ਬਣਾਈ ਹੋਈ ਹੈ, ਜਿਸਦੇ ਉਹ ਵੀ ਮੈਂਬਰ ਹਨ। ਪਰੰਤੂ ਉਕਤ ਕੰਮ ਕਰਾਉਣ ਬਾਰੇ ਕਦੇ ਵੀ ਕਿਸੇ ਮੈਂਬਰ ਨੂੰ ਨਹੀਂ ਦਸਿਆ ਗਿਆ। ਪਿਛਲੇ ਅੱਠ ਮਹੀਨਿਆਂ ਦੌਰਾਨ ਸਿਰਫ ਇੱਕ ਵਾਰੀ ਹੀ ਬੁਲਾਇਆ ਗਿਆ ਸੀ। ਉਹਨਾਂ ਕਿਹਾ ਕਿ ਉਕਤ ਸਬੰਧੀ ਪੁਟਾਈ ਕਰਨ ਤੇ ਸਬ-ਕਮੇਟੀ ਦੇ ਮੈਂਬਰ ਸਾਹਿਬਨ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ। ਇਸਤੇ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਨੇ ਕਿਹਾ ਕਿ ਉਕਤ ਸਬ-ਕਮੇਟੀ ਵਿੱਚ ਕੋਈ ਵੀ ਕੌਂਸਲਰ ਟੈਕਨੀਕਲ ਜਾਣਕਾਰੀ ਨਹੀਂ ਰੱਖਦਾ। ਇਸ ਲਈ ਇਸ ਸਬ-ਕਮੇਟੀ ਵਿੱਚ ਕੋਈ ਟੈਕਨੀਕਲ ਜਾਣਕਾਰੀ ਰੱਖਣ ਵਾਲਾ ਕੋਸਲਰ ਸ਼ਾਮਲ ਕਰ ਲਿਆ ਜਾਵੇ। ਇਸਤੇ ਸਹਿਮਤੀ ਪ੍ਰਗਟ ਕਰਦੇ ਹੋਏ ਹਾਊਸ ਵਲੋਂ ਸ਼੍ਰੀ ਬਲਜਿੰਦਰ ਸਿੰਘ, ਕੌਂਸਲਰ ਵਾਰਡ ਨੰਬਰ 30 ਨੂੰ ਉਕਤ ਸਬ-ਕਮੇਟੀ ਵਿਚ ਸ਼ਾਮਲ ਕਰਨਾ ਪਾਸ ਕੀਤਾ ਜਾਂਦਾ ਹੈ।**

| | |
|---|---|
| ੈਤਾ ਨੰਬਰ 291: | ਪ੍ਰਵਾਨ ਹੈ।<br>ਮਜ਼ੀਦ ਪਾਸ ਕੀਤਾ ਗਿਆ ਕਿ ਇਹ ਕੰਮ **AMRUT** ਸਕੀਮ ਅਧੀਨ ਫੰਡਜ਼ ਪ੍ਰਾਪਤ ਕਰਕੇ ਕਰਵਾਇਆ ਜਾਵੇ। |

| | |
|---|---|
| | **ਇਹ ਵੀ ਪਾਸ ਕੀਤਾ ਜਾਂਦਾ ਹੈ ਕਿ ਇਸ ਕੰਮ ਸਬੰਧੀ ਕੌਂਸਲਰ ਸਾਹਿਬਾਨ ਦੀ ਸਬ-ਕਮੇਟੀ ਵਿੱਚ ਸ਼੍ਰੀ ਬਲਜਿੰਦਰ ਸਿੰਘ, ਕੌਂਸਲਰ, ਵਾਰਡ ਨੰਬਰ 30 ਨੂੰ ਵੀ ਸ਼ਾਮਲ ਕੀਤਾ ਜਾਂਦਾ ਹੈ। ਇਹ ਵੀ ਪਾਸ ਕੀਤਾ ਜਾਂਦਾ ਹੈ ਕਿ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਵੱਲੋਂ ਸਬ-ਕਮੇਟੀ ਦੀ ਮੀਟਿੰਗ ਬੁਲਾਈ ਜਾਵੇਗੀ ਅਤੇ ਰਿਪੋਰਟ ਸਬ-ਕਮੇਟੀ ਦੇ ਵਿਚਾਰ ਹਿੱਤ ਪੇਸ਼ ਕੀਤੀ ਜਾਵੇਗੀ।** |

ਏਜੰਡਾ ਨੰ: 34:

ਸ਼੍ਰੀ ਬਲਰਾਜ ਸਿੰਘ ਪੱਕਾ, ਸ਼੍ਰੀਮਤੀ ਪੁਸ਼ਪਾ ਰਾਣੀ ਅਤੇ ਸ਼੍ਰੀਮਤੀ ਰੀਨਾ ਗਰਗ, ਕੌਂਸਲਰ ਸਾਹਿਬਾਨ ਵੱਲੋਂ ਪ੍ਰਾਪਤ ਦਰਖਾਸਤ ਅਨੁਸਾਰ ਬਠਿੰਡਾ ਵਿੱਚ ਇੱਕ ਚੌਂਕ ਜਿਸਦਾ ਨਾਮ ਆਈ.ਟੀ.ਆਈ. ਚੌਂਕ ਪ੍ਰਚਲਿਤ ਹੈ। ਪਰ ਇਸ ਉਪਰ ਦੋ ਮੱਛੀਆਂ ਲੱਗੀਆਂ ਹੋਣ ਕਾਰਨ ਏਮਜ਼ ਵਗੈਰਾ ਦੇ ਆਏ ਭਾਰੀ ਗਿਣਤੀ ਵਿੱਚ ਨਵੇਂ ਮੁਲਾਜ਼ਮ ਇਸਨੂੰ ਮੱਛੀ ਚੌਂਕ ਕਹਿਣ ਲੱਗ ਪਏ ਹਨ ਅਤੇ ਡੀ.ਸੀ. ਦਫਤਰ ਵੱਲੋਂ ਜਾਰੀ ਸ਼ਹਿਰ ਦੀ ਕੁਲੈਕਟਰ ਰੇਟ ਲਿਸਟ ਉਪਰ ਵੀ ਮੱਛੀ ਚੌਂਕ ਲਿਖਿਆ ਹੋਇਆ ਹੈ। ਇਹ ਸਿੱਖ ਧਰਮ ਦਾ ਨਿਰਾਦਰ ਹੈ, ਕਿਉਂਕਿ ਇਹ ਰਸਤਾ ਬਠਿੰਡਾ ਬਠਿੰਡਾ ਸ਼ਹਿਰ ਅਤੇ ਸਮੁੱਚੇ ਪੰਜਾਬ ਨੂੰ ਦਮਦਮਾ ਸਾਹਿਬ ਨੂੰ, ਜੋ ਕਿ ਸਿੱਖ ਧਰਮ ਦਾ ਪੰਜਵਾ ਤਖਤ ਹੈ, ਨਾਲ ਜੋੜਦਾ ਹੈ। ਇਸ ਚੌਂਕ ਦਾ ਨਾਮ ਮੱਛੀ ਚੌਂਕ ਸ਼ੋਭਾ ਨਹੀਂ ਦਿੰਦਾ। ਇਸ ਲਈ ਇਸ ਚੋਂਕ ਦਾ ਨਾਮ ਗੁਰਮੁਖੀ ਚੌਂਕ (ਗੁਰਮੁਖੀ, ਜੋ ਕਿ ਗੁਰੂ ਦੇ ਮੁੱਖ ਵਿੱਚੋਂ ਨਿਕਲੀ ਹੋਈ ਬੋਲੀ) ਰੱਖਿਆ ਜਾਵੇ ਅਤੇ ਇਸ ਦੇ ਉਪਰ ਮੱਛੀਆਂ ਹਟਾ ਕੇ 'ੳ' ਜਾਂ ਖੰਡਾ ਸਾਹਿਬ ਸਸ਼ੋਭਿਤ ਕੀਤਾ ਜਾਵੇ। ਇਸ ਉਪਰੰਤ ਇਸ ਚੌਂਕ ਤੇ ਬੋਰਡ ਵੀ ਲਗਵਾਏ ਜਾਣ।

ਸਰਹੰਦ ਨਹਿਰ ਤੋਂ ਦਮਦਮਾ ਸਾਹਿਬ ਤੱਕ ਸੜ੍ਹਕ ਦਾ ਨਾਮ ਗਿਆਨੀ ਜੈਲ ਸਿੰਘ ਜੀ ਨੇ ਗੁਰੂ ਕਾਸ਼ੀ ਮਾਰਗ ਰੱਖਿਆ ਸੀ। ਪ੍ਰੰਤੂ ਸਾਲ 1992-93 ਵਿੱਚ ਪੰਜਾਬ ਸਰਕਾਰ ਨੇ ਦਮਦਮਾ ਸਾਹਿਬ ਤੋਂ ਮੱਛੀ ਚੌਂਕ, ਆਈ.ਟੀ.ਆਈ. ਚੌਂਕ ਤੱਕ ਦਾ ਨਾਮ ਬਦਲ ਕੇ ਬਾਬਾ ਬੀਰ ਸਿੰਘ ਧੀਰ ਸਿੰਘ ਮਾਰਗ ਰੱਖ ਦਿੱਤਾ ਸੀ।

ਉਹਨਾਂ ਬੇਨਤੀ ਕੀਤੀ ਹੈ ਕਿ ਮੱਛੀ ਚੌਂਕ ਤੋਂ ਨਗਰ ਨਿਗਮ ਦੀ ਹਦੂਦ ਤੱਕ ਬਾਬਾ ਬੀਰ ਸਿੰਘ ਧੀਰ ਸਿੰਘ ਮਾਰਗ ਦੇ ਬੋਰਡ ਲਗਵਾਏ ਜਾਣ ਅਤੇ ਆਈ.ਟੀ.ਆਈ. ਚੌਂਕ ਜਾਂ ਮੱਛੀ ਚੌਂਕ ਤੋਂ ਸਰਹੰਦ ਨਹਿਰ ਤੱਕ ਗੁਰੂ ਕਾਂਸੀ ਮਾਰਗ ਦੇ ਬੋਰਡ ਲਗਵਾਏ ਜਾਣ ਅਤੇ ਇਹ ਵੀ ਬੇਨਤੀ ਕੀਤੀ ਹੈ ਕਿ ਇਹ ਕਾਰਜ ਸਿੱਖ ਧਰਮ ਦੀਆਂ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਮਿਤੀ 13 ਅਪ੍ਰੈਲ, 2024 ਦੀ ਵਿਸਾਖੀ ਤੋਂ ਪਹਿਲਾਂ ਨੇਪਰੇ ਚੜਾਇਆ ਜਾਵੇ।

ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| ਮਤਾ ਨੰਬਰ 292: | ਪ੍ਰਵਾਨ ਹੈ। |

**ਸਕੱਤਰ, ਨਗਰ ਨਿਗਮ ਬਠਿੰਡਾ ਨੇ ਡਿਪਟੀ ਕਮਿਸ਼ਨਰ, ਬਠਿੰਡਾ ਜੀ ਵੱਲੋਂ ਪ੍ਰਾਪਤ ਪੱਤਰ ਨੰਬਰ 304-06/ਫਕ-7 ਮਿਤੀ 15.01.2024 ਨੂੰ ਹਾਊਸ ਦੇ ਧਿਆਨ ਵਿੱਚ ਲਿਆਉਂਦੇ ਹੋਏ ਦਸਿਆ ਕਿ ਭਾਰਤ ਦੇ ਗੌਰਵਮਈ ਇਤਿਹਾਸ ਨੂੰ ਤਾਜਾ ਰੱਖਣ ਲਈ ਪੰਜ ਪਿਆਰੇ ਸਾਹਿਬਾਨ ਅਤੇ ਸ. ਹਰੀ ਸਿੰਘ ਨਲੂਆ ਜੀ ਦੇ ਨਾਮ ਤੇ ਸ਼ਹਿਰ ਦੀਆਂ ਮੁੱਖ ਸੜ੍ਹਕਾਂ ਦੇ ਨਾਮ ਰੱਖਣ ਸਬੰਧੀ ਲੋੜੀਂਦੀ ਕਾਰਵਾਈ ਅਮਲ ਵਿੱਚ ਲਿਆਉਣ ਲਈ ਕਾਰਵਾਈ ਕੀਤੀ ਜਾਣੀ ਹੈ। ਇਸਤੇ ਸਮੁੱਚੇ ਹਾਊਸ ਵੱਲੋਂ ਪਾਸ ਕੀਤਾ ਗਿਆ ਕਿ ਮੁੱਖ ਸੜ੍ਹਕਾਂ ਨੂੰ ਦਰਸਾਉਂਦੇ ਹੋਏ ਏਜੰਡਾ ਹਾਊਸ ਦੀ ਅਗਲੀ ਮੀਟਿੰਗ ਵਿੱਚ ਪੇਸ਼ ਕੀਤਾ ਜਾਵੇ। ਹਾਊਸ ਵੱਲੋਂ ਵਿਚਾਰ ਕਰਨ ਉਪਰੰਤ ਫੈਸਲਾ ਲੈ ਲਿਆ ਜਾਵੇਗਾ। ਸ੍ਰ: ਹਰਪਾਲ ਸਿੰਘ ਢਿੱਲੋਂ, ਕੌਂਸਲਰ ਵਾਰਡ ਨੰਬਰ 8 ਨੇ ਦਸਿਆ ਕਿ ਉਹਨਾਂ ਵੱਲੋਂ ਘੋੜ੍ਹਾ ਚੌਂਕ ਤੋਂ ਅੱਗੇ ਗੁਰਦੁਆਰਾ ਸਾਹਿਬ ਵੱਲ ਜਾਂਦੀ ਸੜ੍ਹਕ ਦਾ ਨਾਮ ਸਾਹਿਬਜਾਦਾ ਜੁਝਾਰ ਸਿੰਘ ਰੋਡ ਰੱਖਣ ਲਈ ਪੱਤਰ ਦਿੱਤਾ ਹੋਇਆ ਹੈ। ਉਹਨਾਂ ਇਸ ਸੜ੍ਹਕ ਦਾ ਨਾਮ ਬਦਲਣ ਸਬੰਧੀ ਵੀ ਕਾਰਵਾਈ ਕਰਨ ਦੀ ਮੰਗ ਕੀਤੀ। ਇਸਤੇ ਹਦਾਇਤ ਕੀਤੀ ਗਈ ਕਿ ਇਸ ਸਬੰਧੀ ਏਜੰਡਾ ਆਇਟਮ ਬਣਾ ਕੇ ਹਾਊਸ ਦੀ ਅਗਲੀ ਮੀਟਿੰਗ ਵਿੱਚ ਪੇਸ਼ ਕੀਤੀ ਜਾਵੇ।**

ਏਜੰਡਾ ਨੰ: 35:

ਰਿਪੋਰਟ ਵਰਕਸ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਪਾਸ 53 ਟਿੱਪਰ ਡੀਜ਼ਲ ਅਤੇ 19 ਟਿੱਪਰ ਸੀ.ਐਨ.ਜੀ. ਆਧਾਰਿਤ ਚੱਲ ਰਹੇ ਹਨ। ਇੰਨ੍ਹਾਂ ਟਿੱਪਰਾਂ ਦੀ ਮੈਨਟੀਨੈਂਸ ਦਾ ਬਿੱਲ ਕਾਫੀ ਜਿਆਦਾ ਆ ਰਿਹਾ ਹੈ। ਨਗਰ ਨਿਗਮ ਵਿਖੇ ਕੋਈ ਮਕੈਨੀਕਲ/ਆਟੋਮੋਬਾਇਲ ਇੰਜੀਨੀਅਰ ਤੈਨਾਤ ਨਹੀਂ ਹੈ। ਮੈਨਟੀਨੈਂਸ ਦਾ ਸਾਰਾ ਕੰਮ ਬਾਜ਼ਾਰ ਵਿੱਚੋਂ ਕੁਟੇਸ਼ਨਾਂ ਲੈ ਕੇ ਕਰਵਾਉਣਾ ਪੈਂਦਾ ਹੈ ਜਾਂ ਫਿਰ ਆਥੋਰਾਇਜ਼ ਡੀਲਰ ਕੋਲ ਭੇਜ ਕੇ ਕੰਮ ਕਰਵਾਉਣਾ ਪੈਂਦਾ ਹੈ। ਜਿਸ ਉਪਰ ਕਾਫੀ ਸਮਾਂ ਲੱਗ ਜਾਂਦਾ ਹੈ। 72 ਟਿੱਪਰਾਂ ਵਿੱਚ 40 ਤੋਂ 45 ਟਿੱਪਰ ਹੀ ਰੋਜ਼ ਚੱਲ ਪਾਉਂਦੇ ਹਨ। ਜਿਸ ਕਰਕੇ ਸ਼ਹਿਰ ਵਿੱਚ ਕੂੜ੍ਹਾ ਕੁਲੈਕਸ਼ਨ ਦੇ ਸਾਰੇ ਰੂਟ (50 ਰੂਟਸ) ਕਵਰ ਨਹੀਂ ਹੋ ਪਾਉਂਦੇ। ਜਿੰਨ੍ਹਾਂ ਘਰਾਂ ਤੋਂ ਕੂੜ੍ਹਾ ਦਾ ਕੁਲੈਕਸ਼ਨ ਨਹੀਂ ਹੋ ਪਾਉਂਦਾ, ਉਨ੍ਹਾਂ ਘਰਾਂ ਵੱਲੋਂ ਕੂੜ੍ਹਾ ਸੜ੍ਹਕਾਂ/ਗਲੀਆਂ/ ਜਨਤਕ ਥਾਂਵਾਂ ਉਪਰ ਸੁੱਟ ਦਿੱਤਾ ਜਾਂਦਾ ਹੈ। ਉਪਰੋਕਤ ਤੱਥਾਂ ਤੇ ਮੱਦੇ ਨਜ਼ਰ ਤਜਵੀਜ ਕੀਤੀ ਜਾਂਦੀ ਹੈ ਕਿ 72 ਟਿੱਪਰਾਂ ਦੀ ਸਲਾਨਾ ਮੈਨਟੀਨੈਂਸ ਦਾ ਕੰਮ ਕਿਸੇ ਆਉਟਸੋਰਸ ਏਜੰਸੀ ਪਾਸੋਂ ਟੈਂਡਰ ਲਗਾ ਕੇ ਕਰਵਾਉਣਾ ਉਚਿਤ ਹੋਵੇਗਾ। ਇਸ ਕੰਮ ਦੀ ਅਨੁਮਾਨਤ ਲਾਗਤ 2022-23 ਵਿੱਚ ਪ੍ਰਤੀ ਟਿੱਪਰ ਔਸਤ ਮੈਨਟੀਨੈਂਸ ਦੇ ਖਰਚੇ ਦੇ ਆਧਾਰ ਤੇ 72 ਟਿੱਪਰਾਂ ਤੇ ਆਉਣ ਵਾਲਾ ਖਰਚਾ ਹੋਵੇਗੀ। ਬਾਕੀ ਦੀਆਂ ਸ਼ਰਤਾਂ ਵਿੱਚ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਪ੍ਰਵਾਨ ਕਰਵਾ ਕੇ ਟੈਂਡਰ ਲਗਾਇਆ ਜਾਵੇਗਾ।

ਕੇਸ ਹਾਊਸ ਦੇ ਵਿਚਾਰ ਹਿੱਤ।

ਸ੍ਰ: ਬਲਰਾਜ ਸਿੰਘ ਪੱਕਾ, ਕੌਂਸਲਰ, ਵਾਰਡ ਨੰਬਰ 16 ਨੇ ਕਿਹਾ ਕਿ ਟਿੱਪਰਾਂ ਨਾਲ ਰੋਜ਼ਾਨਾ ਸ਼ਹਿਰ ਵਿੱਚੋਂ ਡੋਰ ਟੂ ਡੋਰ ਕੂੜ੍ਹਾ ਚੁੱਕਣ ਦੇ ਕੰਮ ਦੀ ਮਹਤੱਤਾ ਨੂੰ ਦੇਖਦੇ ਹੋਏ ਯੋਗ ਹੋਵੇਗਾ ਕਿ ਇਸ ਸਬੰਧੀ ਹਾਊਸ ਵੱਲੋਂ ਕੋਈ ਸਬ-ਕਮੇਟੀ ਬਣਾ ਦਿੱਤੀ ਜਾਵੇ ਤਾਂ ਜੋ ਕੰਮ ਤਸੱਲੀਬਖਸ਼ ਹੋ ਸਕੇ ਅਤੇ ਆਮ ਪਬਲਿਕ ਨੂੰ ਕਿਸੇ ਕਿਸਮ ਦੀ ਕੋਈ ਪਰੇਸ਼ਾਨੀ ਨਾ ਆਵੇ।

| | |
|---|---|
| ਮਤਾ ਨੰਬਰ 293:<br>25.01.2024 | ਪ੍ਰਵਾਨ ਹੈ।<br>**ਮਜ਼ੀਦ ਪਾਸ ਕੀਤਾ ਗਿਆ ਕਿ ਨਗਰ ਨਿਗਮ ਦੇ ਸਾਰੇ ਵਹੀਕਲਜ਼ ਦੀ (ਸਟਾਫ ਕਾਰਾਂ ਅਤੇ ਜਿੰਨ੍ਹਾਂ ਵਹੀਕਲਜ਼ ਦੀ ਪਹਿਲਾਂ AMC ਚੱਲ ਰਹੀ ਹੈ ਨੂੰ ਛੱਡ ਕੇ) ਬਾਕੀ ਸਾਰੇ ਵਹੀਕਲਜ਼ ਦੀ ਮੈਨਟੀਨੈਂਸ ਦਾ ਕੰਮ ਟੈਂਡਰ ਲਗਾ ਕੇ ਕਰਵਾਇਆ ਜਾਵੇ।** |

| | |
|---|---|
| | **ਇਹ ਵੀ ਪਾਸ ਕੀਤਾ ਜਾਂਦਾ ਹੈ ਕਿ ਇਸ ਕੰਮ ਦੀ ਸੁਚੱਜੇ ਢੰਗ ਨਾਲ ਦੇਖਭਾਲ ਕਰਨ ਲਈ ਹੇਠ ਲਿਖੇ ਅਨੁਸਾਰ ਕੌਂਸਲਰ ਸਾਹਿਬਾਨ ਦੀ ਸਬ-ਕਮੇਟੀ ਬਣਾਈ ਜਾਂਦੀ ਹੈ:**<br>1. **ਸ੍ਰ: ਬਲਜਿੰਦਰ ਸਿੰਘ**<br>2. **ਸ਼੍ਰੀ ਵਿਵੇਕ ਗਰਗ**<br>3. **ਸ੍ਰ: ਮਲਕੀਤ ਸਿੰਘ ਗਿੱਲ**<br>4. **ਸ਼੍ਰੀਮਤੀ ਮਨਜੀਤ ਕੌਰ ਬੁੱਟਰ** |

**ਏਜੰਡਾ ਨੰ: 36:**

ਰਿਪੋਰਟ ਵਰਕਸ ਸ਼ਾਖਾ ਕਿ ਵਣ ਮੰਡਲ ਅਫਸਰ ਬਠਿੰਡਾ ਜੀ ਦੇ ਪੱਤਰ ਅਨੁਸਾਰ ਇਸ ਮੰਡਲ ਦੇ ਅਧੀਨ ਪੈਂਦੀ ਬਠਿੰਡਾ ਰੇਂਜ਼ ਦੀ ਸਾਈਟ ਬਠਿੰਡਾ ਬ੍ਰਾਂਚ ਕੈਨਾਲ ਆਰ.ਡੀ. 406.5 ਤੋਂ 409 ਖੱਬਾ ਪਾਸ ਵਿੱਚ ਵਾਤਾਵਰਣ ਜਾਗਰੂਕਤਾ ਪਾਰਕ ਬਣਾਇਆ ਗਿਆ ਹੈ। ਇਸ ਪਾਰਕ ਵਿੱਚ ਸਵੇਰ ਸ਼ਾਮ ਸੈਰ ਕਰਨ ਲਈ ਕਾਫੀ ਗਿਣਤੀ ਵਿੱਚ ਪਬਲਿਕ ਆਉਂਦੀ ਹੈ। ਵਣ ਰੇਂਜ਼ ਅਫਸਰ, ਬਠੰਡਾ ਵੱਲੋਂ ਆਪਣੇ ਪਤਰ ਨੰਬਰ 443 ਮਿਤੀ 18.01.2024 ਰਾਹੀਂ ਇਸ ਪਾਰਕ ਵਿੱਚ ਆਉਂਦੀ ਆਮ ਪਬਲਿਕ ਵੱਲੋਂ ਪਾਰਕ ਦੀ ਸਾਫ ਸਫਾਈ ਅਤੇ ਮੈਨਟੀਨੈਂਸ ਦੇ ਹੋਰ ਕੰਮਾਂਕਾਰਾਂ ਨੂੰ ਕਰਨ ਲਈ ਕਿਹਾ ਜਾ ਰਿਹਾ ਹੈ। ਇਸ ਲਈ ਪਾਰਕ ਦੀ ਸਾਫ ਸਫਾਈ ਅਤੇ ਮੈਨਟੀਨੈਂਸ ਦੇ ਹੋਰ ਕੰਮਕਾਰ ਕਰਵਾਉਣ ਲਈ ਪੱਤਰ ਨਾਲ ਨੱਥੀ ਐਸਟੀਮੇਟ ਅਨੁਸਾਰ 2,99,720/- ਰੁਪਏ ਦੇ ਫੰਡਜ਼ ਰਲੀਜ਼ ਕਰਨ ਲਈ ਬੇਨਤੀ ਕੀਤੀ ਗਈ ਹੈ ਤਾਂ ਜੋ ਸਾਫ ਸਫਾਈ ਦੇ ਨਾਲ-ਨਾਲ ਮੈਨਟੀਨੈਂਸ ਦੇ ਹੋਰ ਕੰਮਾਂਕਾਰਾਂ ਨੂੰ ਪੂਰਾ ਕੀਤਾ ਜਾ ਸਕੇ:

ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 294:** | **ਪ੍ਰਵਾਨ ਹੈ।** |

## ਇਸ ਉਪਰੰਤ ਹੇਠ ਲਿਖੇ ਅਨੁਸਾਰ ਸਪਲੀਮੈਂਟਰੀ ਏਜੰਡਾ ਤੇ ਵਿਚਾਰ ਕੀਤਾ ਗਿਆ:

**ਏਜੰਡਾ ਨੰ: 1 :**

ਰਿਪੋਰਟ ਬਿਲਡਿੰਗ ਸ਼ਾਖਾ ਕਿ ਮਾਨਯੋਗ ਜਨਰਲ ਹਾਊਸ ਦੀ ਮੀਟਿੰਗ ਮਿਤੀ 06.09.2023 ਵਿੱਚ ਭਾਗੂ ਰੋਡ, ਬਠਿੰਡਾ ਨੂੰ 40' ਰੋਡ ਤੋਂ 60' ਚੌੜ੍ਹਾ ਕਰਨ ਦਾ ਮੁੱਦਾ ਵੱਖ-ਵੱਖ ਕੌਂਸਲਰ ਸਾਹਿਬਾਨਾਂ ਵੱਲੋਂ ਚੁੱਕਿਆ ਗਿਆ ਸੀ। ਜਿਸ ਤੇ ਜਨਰਲ ਹਾਊਸ ਵੱਲੋਂ ਫੈਸਲਾ ਲਿਆ ਸੀ ਕਿ ਅਗਲੇ ਜਨਰਲ ਹਾਊਸ ਵਿੱਚ ਅਧਿਕਾਰੀਆਂ ਦੀ ਕਮੇਟੀ ਇਹ ਮੱਦ ਪੇਸ਼ ਕਰੇਗੀ। ਭਾਗੂ ਰੋਡ ਬਾਰੇ ਬੀ.ਡੀ.ਏ ਵਿਭਾਗ ਨਾਲ ਮੱਦ ਵਿਚਾਰਿਆ ਗਿਆ। ਵਿਭਾਗ ਵੱਲੋਂ ਤੱਥ ਸਾਹਮਣੇ ਲਿਆਂਦਾ ਕਿ ਭਾਗੂ ਰੋਡ ਮਾਸਟਰ ਪਲੈਨ ਰੋਡ ਹੈ ਅਤੇ 60 ਫੁੱਟ ਚੌੜ੍ਹੀ ਕਰਨੀ ਮਾਸਟਰ ਪਲੈਨ ਵਿੱਚ ਤਜਵੀਜਤ ਹੈ। ਭਾਗੂ ਰੋਡ ਬਠਿੰਡਾ ਸ਼ਹਿਰ ਦੀਆਂ ਮੁੱਖ ਸੜ੍ਹਕਾਂ ਵਿੱਚ ਇੱਕ ਪ੍ਰਮੁੱਖ ਸੜ੍ਹਕ ਹੈ ਅਤੇ ਅੱਗੇ ਜਾ ਕੇ ਫੇਜ਼-2 ਫੇਜ਼-3 ਜਾ ਕੇ, ਕੈਂਟ ਨਾਲ ਜੋੜ੍ਹਦੀ ਹੈ। ਅਜੋਕੇ ਸਮੇਂ ਵਿੱਚ ਇਸ ਸੜ੍ਹਕ ਨੂੰ 60 ਫੁੱਟ ਤੱਕ ਚੌੜ੍ਹਾ ਕੀਤਾ ਜਾ ਸਕਦਾ ਹੈ।ਕਿਉਂਕਿ ਸੈਂਟ ਜੋਸਫ ਸਕੂਲ ਤੋਂ ਨਗਰ ਨਿਗਮ ਕਮਿਸ਼ਨਰ ਜੀ ਦੀ ਰਿਹਾਇਸ਼ ਤੱਕ ਕੇਵਲ 1 ਕਿਲੋਮੀਟਰ ਦਾ ਹੀ ਸਟਰੈਚ ਅਜਿਹਾ ਹੈ ਜੋ 60 ਫੁੱਟ ਚੌੜ੍ਹਾ ਕਰਨਾ ਤਜਵੀਜਤ ਹੈ। ਕਮਿਸ਼ਨਰ, ਨਗਰ ਨਿਗਮ ਜੀ ਦੀ ਰਿਹਾਇਸ਼ ਤੋਂ ਬਾਅਦ 60 ਫੁੱਟ ਚੌੜ੍ਹੀ ਸੜ੍ਹਕ ਮੌਕੇ ਪਰ ਚਲਦੀ ਹੈ। ਇਸ 1 ਕਿਲੋਮੀਟਰ ਦੇ ਸਟਰੈਚ ਵਿੱਚੋਂ ਵੀ ਬਹੁਤ ਸਾਰੀਆਂ ਇਮਾਰਤਾਂ ਦੇ ਨਕਸ਼ੇ ਸੈਟਬੈਕ ਦੇ ਕੇ ਹੀ ਪਾਸ ਕੀਤੇ ਹਨ। ਅਜਿਹੀ ਹਾਲਤ ਵਿੱਚ ਸੜ੍ਹਕ ਨੂੰ 60 ਫੁੱਟ ਤੱਕ ਚੌੜ੍ਹਾ ਕਰਨਾ ਕੋਈ ਮੁਸ਼ਕਲ ਕੰਮ ਨਹੀਂ ਹੈ। ਮਾਨਯੋਗ ਜਨਰਲ ਹਾਊਸ ਜੇਕਰ ਸਹਿਮਤ ਹੋਵੇ ਤਾਂ ਪ੍ਰੋਪੋਜ਼ਲ ਜੋ ਰੂਲਾਂ ਅਨੁਸਾਰ ਹੈ, ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਉਕਤ ਰਿਪੋਰਟ ਪ੍ਰਵਾਸ਼ਕੀ ਪ੍ਰਵਾਨਗੀ ਉਪਰੰਤ ਜਨਰਲ ਹਾਊਸ ਵਿੱਚ ਫੈਸਲਾ ਲੈਣ ਦੇ ਹੁਕਮਾਂ ਹਿੱਤ ਪੇਸ਼ ਹੈ ਜੀ।

| | |
|---|---|
| **ਮਤਾ ਨੰਬਰ 295:** | **ਪ੍ਰਵਾਨ ਹੈ ਅਤੇ ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਆਉਣ ਵਾਲੇ ਖਰਚੇ ਦੀ ਵੀ ਪ੍ਰਵਾਨਗੀ ਦਿੱਤੀ ਜਾਂਦੀ ਹੈ।** |

**ਏਜੰਡਾ ਨੰ: 2 :**

ਰਿਪੋਰਟ ਬਿਲਡਿੰਗ ਸ਼ਾਖਾ ਕਿ ਸ਼੍ਰੀ ਰਾਜਨ ਗਰਗ, ਐਡਵੋਕੇਟ ਵੱਲੋਂ ਦਿੱਤੇ ਬੇਨਤੀ ਪੱਤਰ SDMD/07/2023-24 ਮਿਤੀ 09.01.2024 ਜਿਸ ਵਿੱਚ ਉਨ੍ਹਾਂ ਵੱਲੋਂ ਬੇਨਤੀ ਕੀਤੀ ਗਈ ਹੈ ਕਿ "ਬਹੁਤ ਹੀ ਨਿਮਰਤਾ ਸਹਿਤ ਆਪ ਜੀ ਪਾਸ ਬੇਨਤੀ ਹੈ ਕਿ ਟੀ.ਪੀ. ਸਕੀਮ 1 ਪਾਰਟ 3 ਵਿੱਚ ਮੇਰੀ ਪ੍ਰਾਪਰਟੀ ਰਕਬਾ 7 ਕਨਾਲ 18 ਮਰਲੇ ਹੈ, ਨੂੰ ਟੀ.ਪੀ. ਸਕੀਮ ਦਾ ਹਿੱਸਾ ਬਣਾਉਂਦੇ ਹੋਏ ਰਿਹਾਇਸ਼ੀ ਪਲਾਟਾਂ ਵਿੱਚ ਤਬਦੀਲ ਕੀਤੇ ਹੋਏ ਹਨ, ਜਦਕਿ ਇਹ ਇੱਕ ਸਿੰਗਲ ਯੂਨਿਟ ਚੰਕ ਹੈ ਅਤੇ ਸਕੀਮ ਨੂੰ ਅਣ-ਬਿਲਟ ਘੋਸ਼ਿਤ ਕਰਨ ਸਮੇਂ ਪਰਸ ਰਾਮ ਚੇਲਾ ਸ਼੍ਰੀ ਗੰਗਾ ਰਾਮ ਨਾਮ ਪਰ ਦਰਜ਼ ਸੀ। ਸਕੀਮ ਅਨੁਸਾਰ ਤਬਦੀਲ ਕੀਤੇ ਗਏ ਪਲਾਟਾਂ ਦਾ ਕੋਈ ਇਤਰਾਜ਼ ਵਾ ਸੁਝਾਅ ਬਾਰੇ ਉਸ ਸਮੇਂ ਦੇ ਡੇਰਾ/ਸੰਸਥਾਂ ਮੁੱਖੀ ਨੂੰ ਕੋਈ ਜਾਣਕਾਰੀ ਨਹੀਂ ਸੀ ਅਤੇ ਉਨ੍ਹਾਂ ਪਾਸੋਂ ਰਕਬਾ ਸਕੀਮ ਦਾ ਹਿੱਸਾ ਬਣਾਉਂਦੇ ਹੋਏ ਰਿਹਾਇਸ਼ੀ ਪਲਾਟਾਂ ਵਿੱਚ ਤਬਦੀਲ ਕਰਨ ਦਾ ਨੋਟਿਸ ਤਿਆਰ ਕਰ ਦਿੱਤਾ ਗਿਆ ਹੈ। ਉਸ ਸਮੇਂ ਡੇਰਾ /ਸੰਸਥਾਂ ਮੁੱਖੀ ਨੇ ਉਕਤ ਸਨਾਤਨ ਧਰਮ ਮਹਾਵੀਰ ਦੱਲ ਰਜਿ: ਦੇ ਨਾਮ ਪਰ ਸਿੰਗਲ ਯੂਨਿਟ ਤਬਦੀਲ ਕੀਤੀ ਗਈ ਹੈ। ਨਗਰ ਨਿਗਮ ਬਠਿੰਡਾ ਪਾਸ ਇਸ ਜਗ੍ਹਾ ਦਾ ਲੋਕ ਸਹੂਲੀਅਤ ਵਾਸਤੇ ਤਿਆਰ ਕੀਤੇ ਗਏ ਕੰਮਿਊਨਿਟੀ ਹਾਲ ਦਾ ਨਕਸ਼ਾ ਪੇਸ਼ ਕਰਨ

ਸਮੇਂ ਇੱਹ ਗੱਲ ਸਾਹਮਣੇ ਆਈ ਕਿ ਜਿਸ ਜਗ੍ਹਾ ਨੂੰ ਰਿਹਾਇਸ਼ੀ ਹਿੱਸਿਆਂ ਵਿੱਚ ਤਬਦੀਲ ਕੀਤਾ ਹੋਇਆ ਹੈ ਅਤੇ ਇਸ ਵਿੱਚੋਂ ਪਬਲਿਕ ਯੁਟਿਲਿਟੀ ਰਕਬਾ 16.45% ਜਾਂ 1890 ਵਰਗ ਗੱਜ਼ ਲਿਆ ਗਿਆ ਹੈ। ਬੇਨਤੀ ਹੈ ਕਿ ਇਹ ਜਗ੍ਹਾ ਉਸ ਸਮੇਂ ਵੀ ਜਨਤਕ ਹਿੱਤਾਂ ਵਾਸਤੇ ਸੰਸਥਾ ਮੁੱਖੀ ਸ਼੍ਰੀ ਪਰਸ ਰਾਮ ਵੱਲੋਂ ਖਰੀਦ ਕੀਤੀ ਗਈ ਸੀ ਅਤੇ ਹੁਣ ਵੀ ਇਹ ਰਕਬਾ ਜੋ ਕਿ ਸਿੰਗਲ ਚੰਕ ਦੇ ਰੂਪ ਵਿੱਚ 7 ਕਨਾਲਾਂ 18 ਮਰਲੇ ਮੋਜੂਦ ਹੈ, ਜਨਤਕ ਹਿੱਤਾਂ ਵਾਸਤੇ ਹੀ ਵਰਤਿਆ ਜਾਣਾ ਹੈ। ਜਿੱਥੋਂ ਤੱਕ ਸਰਕਾਰ ਵੱਲੋਂ 16.45% ਰਕਬਾ ਜਾਂ 1890 ਵਰਗ ਗਜ਼ ਰਕਬਾ ਸਕੀਮ ਅਨੁਸਾਰ ਲਿਆ ਗਿਆ ਹੈ। ਉਹ ਰਕਬਾ ਹੁਣ ਵੀ ਮੋਜੂਦਾ ਸੰਸਥਾਂ ਵੱਲੋਂ ਉਵੇਂ ਹੀ ਡਿਵੈਲਪ ਕੀਤਾ ਜਾਵੇਗਾ। ਸਕੀਮ ਵਿੱਚ ਸਿੰਗਲ ਯੂਨਿਟ ਚੰਕ ਵਿੱਚ ਬਾਕੀ ਬਚੀ ਹੋਈ ਜਮੀਨ ਦੀ ਸੋਧ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ। ਸੰਸਥਾਂ ਇਸ ਜਗ੍ਹਾ ਦੇ ਟੋਟੇ ਕਰਕੇ ਨਾ ਤਾਂ ਵੇਚ ਸਕਦੀ ਹੈ ਨਾ ਹੀ ਹੋਰ ਕਿਸੇ ਵਰਤੋਂ ਵਿੱਚ ਲਿਆ ਸਕਦੀ ਹੈ"।

ਮਾਨਯੋਗ ਡਾਇਰੈਕਟਰ ਜੀ ਸਥਾਨਕ ਸਰਕਾਰ ਵੱਲੋਂ ਪੱਤਰ ਪਰ ਯੋਗ ਕਾਰਵਾਈ ਅਮਲ ਵਿੱਚ ਲਿਆਉਣ ਦੇ ਹੁਮ ਹਿੱਤ ਪੱਤਰ ਨੰਬਰ PA/DLG/2024/14 ਮਿਤੀ 15.01.2024 ਨਗਰ ਨਿਗਮ ਬਠਿੰਡਾ ਕਮਿਸ਼ਨਰ ਜੀ ਨੂੰ ਭੇਜਿਆ ਗਿਆ ਹੈ। ਜਿਸ ਨੂੰ ਵਾਚਿਆ ਗਿਆ ਅਤੇ ਹੇਠ ਲਿਖੇ ਅਨੁਸਾਰ ਤੱਥ ਪੇਸ਼ ਹਨ ਜੀ।

**ਮੌਕਾ ਸਥਿਤੀ ਅਤੇ ਕਬਜਾ ਰਿਪੋਰਟ :**

ਮੌਕਾ ਵੇਖਿਆ ਗਿਆ, ਮੌਕੇ ਤੇ ਬਜਰੰਗ ਦਲ ਦੇ ਕਬਜੇ ਅਧੀਨ ਆਉਂਦਾ ਇਹ ਰਕਬਾ 4780 ਵਰਗ ਗਜ਼ ਸਿੰਗਲ ਚੰਕ ਦੇ ਰੂਪ ਵਿੱਚ ਖਾਲੀ ਪਿਆ ਹੈ। ਟਾਊਨ ਪਲੈਨਿੰਗ ਸਕੀਮ ਦੇ ਰਿਕਾਰਡ ਅਨੁਸਾਰ ਇਹ ਜਗ੍ਹਾ ਪਰਸ ਰਾਮ ਚੇਲਾ ਰਾਮ ਸ਼੍ਰੀ ਗੰਗਾ ਰਾਮ ਦੇ ਨਾਮ ਪਰ ਰਕਬਾ 7 ਕਨਾਲ 18 ਮਰਲੇ ਜਾਂ 4780 ਵਰਗ ਗਜ਼ ਖਸਰਾ ਨੰਬਰ 1805 ਦਰਜ਼ ਹੈ। ਇਸ 4780 ਵਰਗ ਗਜ਼ ਰਕਬੇ ਵਿੱਚੋਂ ਲੋਕਾਂ ਦੀ ਸਹੂਲੀਅਤ ਵਾਸਤੇ ਸੜ੍ਹਕਾਂ/ ਪਾਰਕਾਂ ਦਾ ਰਕਬਾ 16.45% ਜਾਂ 1890 ਵਰਗ ਗਜ਼ ਰਾਖਵਾਂ ਛੱਡਿਆ ਗਿਆ ਸੀ। ਇਹ ਰਕਬਾ ਮੋਜੂਦਾ ਸਥਿਤੀ ਅਨੁਸਾਰ ਸੰਤਪੁਰਾ ਰੋਡ ਤੋਂ ਅੰਦਰ ਜਾਂਦਿਆਂ ਸੂਰਜ ਗਿਰੀ ਮੰਦਰ ਦੇ ਨੇੜੇ ਐਮ.ਐਸ.ਡੀ. ਸਕੂਲ ਦੇ ਸਾਹਮਣੇ ਪਿਆ ਰਕਬਾ ਹੈ, ਜੋ ਹਾਲ ਦੀ ਘੜੀ ਐਮ.ਐਸ.ਡੀ. ਸਕੂਲ ਵੱਲੋਂ ਹੀ ਵਰਤਿਆ ਜਾ ਰਿਹਾ ਹੈ। ਕਿਉਂ ਜੋ ਐਮ.ਐਸ.ਡੀ. ਸਕੂਲ ਅਤੇ ਇਸ ਜਗ੍ਹਾ ਦੀ ਮਾਲਕੀ "ਸ਼੍ਰੀ ਸਨਾਤਨ ਧਰਮ ਮਹਾਵੀਰ ਦੱਲ ਰਜਿ: ਬਠਿੰਡਾ ਦੇ ਨਾਮ ਪਰ ਹੀ ਹੈ"।

**ਪਲੈਨਿੰਗ ਸਬੰਧੀ ਰਿਪੋਰਟ :**

ਸ਼੍ਰੀ ਰਾਜਨ ਗਰਗ ਵੱਲੋਂ ਆਪਣੇ ਬੇਨਤੀ ਪੱਤਰ ਵਿੱਚ "ਕੰਮਿਊਨਿਟੀ ਸੈਂਟਰ/ਹਾਲ" ਦੀ ਤਜਵੀਜ ਦਿੱਤੀ ਹੈ ਅਤੇ ਪੱਤਰ ਵਿੱਚ ਸਪਸ਼ਟ ਕੀਤਾ ਹੈ ਕਿ ਉਹ ਰਾਖਵੇਂ ਛੱਡੇ ਰਕਬੇ 16.45% ਨੂੰ ਜਨਤਕ ਹਿੱਤਾਂ ਵਾਸਤੇ ਹੀ ਵਰਤੋਂ ਵਿੱਚ ਲਿਆਉਣਗੇ। ਆਪਣੀ ਪਲੈਨਿੰਗ ਦਰਸਾਂਦੇ ਸੈਲਫ ਹਸਤਾਖਰਤ ਨਕਸ਼ੇ ਵਿੱਚ "ਕੰਮਿਊਨਿਟੀ ਸੈਂਟਰ" ਦਾ ਕਵਰਡ ਏਰੀਆ 1490 ਵਰਗ ਗਜ਼ ਹੀ ਲਿਆ ਹੈ ਅਤੇ ਬਾਕੀ ਸਾਰਾ ਰਕਬਾ ਪਾਰਕਿੰਗ, ਪਾਰਕ ਅਤੇ ਹੋਰ ਲੋਕ ਸਹੂਲਤਾਂ ਵਾਸਤੇ ਦਰਸਾਇਆ ਹੈ।

**ਦਫਤਰੀ ਰਿਪੋਰਟ :**

ਸ਼੍ਰੀ ਰਾਜਨ ਗਰਗ ਵੱਲੋਂ ਪੇਸ਼ ਕੀਤੇ ਦਸਤਾਵੇਜ਼ ਵਾਚੇ ਗਏ ਅਤੇ ਉਨ੍ਹਾਂ ਦਸਤਾਵੇਜ਼ਾਂ/ ਮੌਕੇ ਅਨੁਸਾਰ ਰਿਪੋਰਟ ਹੇਠ ਅਨੁਸਾਰ ਹੈ ਜੀ:-

1. ਰਿਕਾਰਡ ਅਨੁਸਾਰ 7 ਕਨਾਲ 18 ਮਰਲੇ ਪਰਸ ਰਾਮ ਚੇਲਾ ਗੰਗਾ ਰਾਮ ਦੇ ਨਾਮ ਪਰ ਦਰਜ਼ ਹੈ, ਪ੍ਰੰਤੂ ਹੁਣ ਦਿੱਤੀਆਂ ਜਮ੍ਹਾਂਬੰਦੀਆਂ ਅਨੁਸਾਰ ਰਕਬਾ ਮਾਲਕੀ ਬਦਲ ਕੇ "ਸ਼੍ਰੀ ਸਨਾਤਨ ਧਰਮ ਮਹਾਵੀਰ ਦੱਲ ਰਜਿ: ਬਠਿੰਡਾ ਦੇ ਨਾਮ ਪਰ ਦਰਜ਼ ਹੈ।
2. ਮੌਕੇ ਤੇ ਚੰਕ ਖਾਲੀ ਹੈ, ਕਿਸੇ ਤਰ੍ਹਾਂ ਦੀ ਕੋਈ ਪਲੈਨਿੰਗ ਨਹੀਂ ਹੋਈ।
3. ਮੌਕੇ ਤੇ ਮੌਜੂਦ ਰਕਬਾ ਹਾਲ ਦੀ ਘੜੀ ਸਕੂਲ ਪ੍ਰਬੰਧਕਾਂ ਵੱਲੋਂ ਵਰਤਿਆ ਜਾ ਰਿਹਾ ਹੈ।।
4. ਬਾਈਲਾਜ਼ ਅਨੁਸਾਰ "ਕੰਮਿਊਨਿਟੀ ਸੈਂਟਰ" ਦਾ ਰਕਬਾ ਜੇਕਰ ਕੋਈ ਕਲੋਨੀ ਮੰਨਜ਼ੂਰ ਕੀਤੀ ਜਾਂਦੀ ਹੈ ਤਾਂ ਜਨਤਕ ਹਿੱਤਾਂ ਵਾਸਤੇ ਹੀ ਲਿਆ ਜਾਂਦਾ ਹੈ। ਇਸ ਤਰ੍ਹਾ ਇਹ ਸਾਰਾ ਰਕਬਾ 4780 ਵਰਗ ਗਜ਼ ਜੇਕਰ ਸਰਕਰ ਪਾਸੋਂ ਅਮੈਂਡਮੈਂਟ ਹੋ ਜਾਂਦੀ ਹੈ ਤਾਂ ਜਨਤਕ ਹਿੱਤਕ ਰਕਬਾ ਹੀ ਬਣ ਜਾਵੇਗਾ।

ਕਿਉਂ ਜੋ ਅਮੈਂਡਮੈਂਟ ਕਰਨ ਦੇ ਅਧਿਕਾਰ ਜਨਰਲ ਹਾਊਸ ਪਾਸ ਹਨ। ਇਸ ਲਈ ਇਹ ਮੱਦ ਜਨਰਲ ਹਾਊਸ ਦੇ ਵਿਚਾਰ ਹਿੱਤ ਭੇਜੀ ਗਈ ਹੈ।

ਉਕਤ ਸਬੰਧੀ ਰਿਪੋਰਟ ਪ੍ਰਸ਼ਾਸੀ ਪ੍ਰਵਾਨਗੀ ਉਪਰੰਤ ਮਾਨਯੋਗ ਜਨਰਲ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 296:** | **ਪ੍ਰਵਾਨ ਹੈ।** |

**ਏਜੰਡਾ ਨੰ: 3:**

ਰਿਪੋਰਟ ਵਰਕਸ ਸ਼ਾਖਾ ਕਿ ਮਾਨਯੋਗ ਡਿਪਟੀ ਕਮਿਸ਼ਨਰ, ਬਠਿੰਡਾ ਜੀ ਵੱਲੋਂ ਆਪਣੇ ਪੱਤਰ ਨੰਬਰ 8765-71 ਮਿਤੀ 29.09.2023 ਰਾਹੀਂ ਬਣਾਈ ਚਾਰ ਮੈਂਬਰੀ ਕਮੇਟੀ ਵਲੋਂ ਕੱਚੀ ਕਲੋਨੀ ਵਿਖੇ ਪ੍ਰਾਇਮਰੀ ਸਕੂਲ ਸਬੰਧੀ ਦੋਰਾ ਕੀਤਾ ਗਿਆ। ਕੱਚੀ ਕਲੋਨੀ ਵਿਖੇ PSPCL ਵਾਲੀ ਜਗ੍ਹਾ ਵਿੱਚ ਬੀ.ਡੀ.ਏ ਵੱਲੋਂ ਤਜਵੀਜਤ ESI ਹਸਪਤਾਲ ਦੇ ਖੱਬੇ ਪਾਸੇ (ਸੁਵਿਧਾ ਸੈਂਟਰ ਪਾਸਿਓਂ ਜਾਂਦੇ ਹੋਏ) ਖਾਲੀ ਜਗ੍ਹਾ ਵਿੱਚ 1 ਏਕੜ੍ਹ ਜਗ੍ਹਾ ਮਾਰਕ ਕੀਤੀ ਗਈ ਹੈ। ਮਾਲ ਵਿਭਾਗ ਵੱਲੋਂ PSPCL ਵਾਲੀ ਜਗ੍ਹਾ ਦਾ ਰਿਜ਼ਰਵ ਰੇਟ 75.00 ਲੱਖ ਰੁਪਏ ਪ੍ਰਤੀ ਏਕੜ੍ਹ ਫਿਕਸ ਕੀਤਾ

ਗਿਆ ਹੈ। ਇਸ ਸਬੰਧੀ ਜਿਲ੍ਹਾ ਪ੍ਰਸ਼ਾਸਨ ਵੱਲੋਂ ਹਦਾਇਤ ਹੋਈ ਹੈ ਕਿ ਪਬਲਿਕ ਹਿੱਤ ਵਿੱਚ ਸਕੂਲ ਲਈ ਜਗ੍ਹਾ ਨਗਰ ਨਿਗਮ ਵੱਲੋ ਲਿੱਤੀ ਜਾਵੇ।

ਇਸ ਸਬੰਧੀ ਮਾਨਯੋਗ ਡਿਪਟੀ ਕਮਿਸ਼ਨਰ, ਬਠਿੰਡਾ ਜੀ ਵੱਲੋਂ ਆਪਣੇ ਪੱਤਰ ਨੰਬਰ 363/ਡੀਏ-4 ਮਿਤੀ 16 ਜਨਵਰੀ 2024 ਰਾਹੀਂ ਸਕੂਲ ਨੂੰ ਦਿੱਤੀ ਜਾਣ ਵਾਲੀ ਜਗ੍ਹਾ ਖਰੀਦਣ ਬਾਰੇ ਵਿਚਾਰ ਕਰਨ ਲਈ ਲਿਖਿਆ ਗਿਆ ਹੈ।

ਸੋPSPCL ਤੋਂ 1 ਏਕੜ ਜਗ੍ਹਾ ਸਕੂਲ ਲਈ ਲੈ ਕੇ ਦੇਣ ਅਤੇ ਇਸਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 297:** | ਪ੍ਰਵਾਨ ਹੈ। |

**ਏਜੰਡਾ ਨੰ: 4:**

ਰਿਪੋਰਟ ਵਰਕਸ ਸ਼ਾਖਾ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਅਤੇ ਹੋਰ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-

| Sr. No. | Name of Work | Estimate (in lac) |
|---|---|---|
| 1 | S/Laying 60mm thick Interlocking Tiles on Street No. 10/1 upto 10/11, Guru Gobind Singh Nagar Ward No. 6 Zone No. 5 | 25.78 |
| 2 | S/Laying 60mm thick Interlocking Tiles on Berms Street Bhai Mati Dass Nagar along Sua Zone No. 8 | 12.29 |

ਕੇਸ ਹਾਊਸ ਦੀ ਜਾਣਕਾਰੀ ਅਤੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 298:** | ਪ੍ਰਵਾਨ ਹੈ। |

**ਏਜੰਡਾ ਨੰ: 5:**

ਰਿਪੋਰਟ ਕਾਊ ਸੈਸ ਸ਼ਾਖਾ ਕਿ ਕਾਊ ਸੈਸ ਸਬੰਧੀ ਸਰਕਾਰ ਦੇ ਨੋਟੀਫਿਕੇਸ਼ਨ ਨੰ: 6/80/2013-5ਸਸ1/225136/3-11 ਮਿਤੀ 22.05.2014 ਰਾਹੀਂ ਜਾਰੀ ਕੀਤਾ ਗਿਆ ਸੀ ਅਤੇ ਨੋਟੀਫਿਕੇਸ਼ਨ ਨੰ: 6/80/2013-5ਸਸ1/503512/1 ਮਿਤੀ 08.06.2015 ਅਧੀਨ ਹੇਠ ਲਿਖੇ ਅਨੁਸਾਰ ਕਾਊ ਸੈਸ ਇੱਕਤਰ ਕਰਨ ਲਈ ਕੁਲੈਕਟਿੰਗ ਏਜੰਸੀਆਂ ਘੋਸ਼ਿਤ ਕੀਤੀਆਂ ਗਈਆਂ। ਪਰੰਤੂ ਕੁਲੈਕਟਿੰਗ ਏਜੰਸੀਆਂ ਚੋਂ ਸਿਵਾਏ (PSPCL) ਬੋਰਡ ਤੋਂ ਬਾਕੀ ਕਿਸੇ ਨੇ ਕੋਈ ਰਾਸ਼ੀ ਕੁਲੈਕਟ ਕਰਕੇ ਨਗਰ ਨਿਗਮ ਬਠਿੰਡਾ ਨੂੰ ਨਹੀਂ ਭੇਜੀ ਅਤੇ ਸਤੰਬਰ 2018 ਤੋਂ ਬਾਅਦ (PSPCL) ਬਿਜਲੀ ਬੋਰਡ ਵੱਲੋਂ ਵੀ ਕਾਊ ਸੈਸ ਨਹੀਂ ਭੇਜਿਆ ਜਾ ਰਿਹਾ। ਨਗਰ ਨਿਗਮ ਬਠਿੰਡਾ ਵੱਲੋਂ ਆਪਣੇ ਪੱਧਰ ਤੇ ਹੀ ਟੂ ਵ੍ਹੀਲਰ ਏਜੰਸੀਆਂ, ਕੁੱਝ ਮੈਰਿਜ ਪੈਲਸਾਂ, ਤੇਲ ਡਿਪੂਆਂ ਪਾਸੋਂ ਕਾਊ ਸੈਸ ਇੱਕਠਾ ਕੀਤਾ ਜਾ ਰਿਹਾ ਹੈ। ਨਿਗਮ ਅਧਿਕਾਰੀਆਂ ਅਤੇ ਤੇਲ ਡਿਪੂਆਂ ਦੇ ਅਧਿਕਾਰੀਆਂ ਵਿਚਕਾਰ ਗੱਲਬਾਤ ਅਤੇ ਰਜਾਮੰਦੀ ਨਾਲ ਫੈਸਲਾ ਹੋਣ ਉਪਰੰਤ ਤੇਲ ਡਿਪੂਆਂ ਤੋਂ ਪ੍ਰਤੀ ਚੱਕਰ ਦੀ ਬਜਾਏ 8/- ਰੁਪਏ ਕਿਲੋਮੀਟਰ ਦੇ ਹਿਸਾਬ ਨਾਲ ਕਾਊ ਸੈਸ ਵਸੂਲ ਕੀਤਾ ਜਾਵੇ ਜੋ ਕਿ ਸ਼ੁਰੂ ਤੋਂ ਹੀ ਤੇਲ ਡਿਪੂਆਂ ਪਾਸੋਂ 8/- ਰੁਪਏ ਕਿਲੋਮੀਟਰ ਦੇ ਹਿਸਾਬ ਨਾਲ ਲਿਆ ਜਾ ਰਿਹਾ ਹੈ। ਇਸ ਸਬੰਧੀ ਮਤਾ ਨੰਬਰ 37 ਮਿਤੀ 21.09.2016 ਰਾਹੀਂ ਮਤੇ ਨੂੰ ਮੰਨਜ਼ੂਰੀ ਵੀ ਦਿੱਤੀ ਜਾ ਚੁੱਕੀ ਹੈ।

ਇਸ ਸਮੇਂ ਦੋ-ਪਹੀਆਂ ਅਤੇ ਚਾਰ-ਪਹੀਆ ਵਾਹਨਾਂ ਉਪਰ ਹੀ ਕਾਊ ਸੈਸ ਲਗਾਇਆ ਗਿਆ ਹੈ। ਪਰੰਤੂ ਤਿੰਨ-ਪਹੀਆਂ ਚਾਰ-ਪਹੀਏ ਤੋਂ ਵੱਧ ਵਾਲੇ ਵਾਹਨਾਂ ਉਪਰ ਕਾਊ ਸੈਸ ਨਹੀਂ ਲਗਾਇਆ ਗਿਆ। ਦਿਨੋ ਦਿਨ ਬੇਸਹਾਰਾ ਪਸ਼ੂਆਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ। ਇਸ ਲਈ ਉਹਨਾਂ ਨੂੰ ਸੰਭਾਲਣ ਲਈ ਵੀ ਵਾਧੂ ਫੰਡ ਦੀ ਜਰੂਰਤ ਹੈ। ਕਾਊ ਸੈਸ ਵਧਾਉਣ ਲਈ ਉਕਤ ਤੋਂ ਇਲਾਵਾ ਹੇਠ ਲਿਖੇ ਅਨੁਸਾਰ ਕਾਊ ਸੈਸ ਲਗਾਉਣ ਦੀ ਤਜਵੀਜ ਹੈ:

| ਲੜੀ ਨੰ: | ਆਇਟਮ ਦਾ ਨਾਮ | ਪ੍ਰਤੀ ਵਹੀਕਲ ਦੀ ਵਿਕਰੀ ਤੇ ਕਾਊ ਸੈਸ |
|---|---|---|
| 1 | ਥ੍ਰੀ-ਵਹੀਲਰ (For both EV & Organic Fuel) | 500/- |
| 2 | ਫੌਰ ਵਹੀਲਰ ਤੋਂ ਜਿਆਦਾ ਵ੍ਹੀਲਜ਼ ਵਾਲੇ ਵਹੀਕਲ | 2000/- |

ਉਕਤ ਤੋਂ ਇਲਾਵਾ ਇੱਥੇ ਇਹ ਵੀ ਦੱਸਣਯੋਗ ਹੈ ਕਿ ਸ਼ਹਿਰ ਵਿੱਚ ਮੈਰਿਜ਼ ਪੈਲਸਾਂ ਤੋਂ ਇਲਾਵਾ ਬਹੁਤ ਸਾਰੇ ਬੈਂਕਿਊਟ ਹਾਲ ਹਨ ਅਤੇ ਕਾਫੀ ਸਾਰੇ ਬੈਂਕਿਊਟ ਹਾਲ ਕਈ ਵੱਡੇ ਹੋਟਾਂ ਦੇ ਵਿੱਚ ਹਨ। ਇਹ ਅਦਾਰੇ ਉਹ ਅਦਾਰੇ ਹਨ, ਜਿੰਨ੍ਹਾਂ ਵਿੱਚ ਮੈਰਿਜ਼ ਪੈਲਸਾਂ ਨਾਲੋਂ ਜਿਆਦਾ ਵਿਆਹ ਸ਼ਾਦੀਆਂ ਦੇ ਫੰਕਸ਼ਨ ਹੁੰਦੇ ਹਨ। ਇਸ ਤਰ੍ਹਾਂ ਇਹ ਅਦਾਰੇ ਨੋਟੀਫਿਕੇਸ਼ਨ ਦੇ ਘੇਰੇ ਵਿੱਚ ਆਉਂਦੇ ਹਨ। ਇਹਨਾਂ ਵਿੱਚੋਂ ਕਈ ਬੈਂਕਿਊਟ ਹਾਲ ਕਾਊ ਸੈਸ ਵੀ ਭਰ ਰਹੇ ਸਨ। ਪਰੰਤੂ ਹੋਟਲ ਐਸੋਸੀਏਸ਼ਨ ਵਾਲਿਆ ਵੱਲੋਂ ਵਾਰ-ਵਾਰ ਲੀਗਲ ਨੋਟਿਸ ਭੇਜ ਦਿੱਤਾ ਜਾਂਦਾ ਹੈ। ਉਹਨਾਂ ਦਾ ਕਹਿਣਾ ਹੈ ਕਿ ਇਹ

ਹੋਟਲ ਇੰਡਸਟਰੀਜ਼ ਦੇ ਵਿੱਚ ਆਉਂਦੇ ਹਨ ਅਤੇ ਨੋਟੀਫਿਕੇਸ਼ਨ ਵਿੱਚ ਸਿਰਫ ਮੈਰਿਜ ਪੈਲੇਸ ਨਾਮ ਲਿਖਿਆ ਗਿਆ ਹੈ, ਬੈਂਕਿਊਟ ਹਾਲ ਨਹੀਂ ਲਿਖਿਆ।

ਬੈਂਕਿਊਟ ਹਾਲ ਵੀ ਉਹ ਜਗ੍ਹਾ ਹੈ,ਜਿੱਥੇ ਵਿਆਹ ਸ਼ਾਦੀ ਦੇ ਫੰਕਸ਼ਨ ਹੁੰਦੇ ਹਨ। ਸ਼ਬਦਾਂ ਦੇ ਹੇਰ ਫੇਰ ਨੂੰ ਲੈ ਕੇ ਹੋਟਲ ਐਸੋਸੀਏਸ਼ਨ ਵੱਲੋਂ ਕਾਊ ਸੈਸ ਭਰਨ ਤੋਂ ਇਨਕਾਰ ਕੀਤਾ ਜਾ ਰਿਹਾ ਹੈ ਅਤੇ ਜੋ ਕੁੱਝ ਬੈਂਕਿਊਟ ਹਾਲ ਕਾਊ ਸੈਸ ਭਰ ਰਹੇ ਸੀ, ਉਹਨਾਂ ਨੇ ਵੀ ਭਰਨਾ ਬੰਦ ਕਰ ਦਿੱਤਾ ਹੈ।

ਇਸਤੋਂ ਪਹਿਲਾਂ ਵੀ ਇਸ ਸਬੰਧੀ ਸਰਕਾਰ ਪਾਸੋਂ ਕਲੈਰੀਫਿਕੇਸ਼ਨ ਲੈਣ ਲਈ ਨੋਟ ਪੁੱਟ ਕੀਤਾ ਗਿਆ ਸੀ, ਜਿਸਤੇ ਮੌਕੇ ਦੇ ਕਮਿਸ਼ਨਰ ਸਾਹਿਬ ਜੀ ਵੱਲੋਂ ਲਿਖ ਦਿੱਤਾ ਗਿਆ ਸੀ ਕਿ "In my opinion, no clarifications are required. Cow Cess is to be charged per Marriage Function". ਇਸਤੋਂ ਬਾਅਦ ਵੀ ਬੈਂਕਿਊਟ ਹਾਲ ਵਾਲਿਆਂ ਵੱਲੋਂ ਕਾਊ ਸੈਸ ਭਰਨ ਵਿੱਚ ਕੋਈ ਦਿਲਚਸਪੀ ਨਹੀਂ ਦਿਖਾਈ ਹੈ ਅਤੇ ਉਹਨਾਂ ਨੂੰ ਜੇਕਰ ਕੋਈ ਨੋਟਿਸ ਕੱਟਿਆ ਜਾਂਦਾ ਹੈ ਤਾਂ ਉਹ ਲੀਗਲ ਨੋਟਿਸ ਭੇਜ ਦਿੰਦੇ ਹਨ।

ਇਸ ਪ੍ਰਕਾਰ ਕਾਊ ਸੈਸ ਆਮਦਨ ਦਾ ਗਰਾਫ ਹੇਠਾਂ ਜਾ ਰਿਹਾ ਹੈ। ਇਸ ਲਈ ਜੋ ਨੋਟੀਫਿਕੇਸ਼ਨ ਵਿੱਚ ਤਰਮੀਮ ਕਰਵਾਇਆ ਜਾਣਾ ਜਰੂਰੀ ਹੈ। ਮੌਜੂਦਾ ਨੋਟੀਫਿਕੇਸ਼ਨ ਵਿੱਚ ਲੜੀ ਨੰ: 6 ਅਤੇ 7 ਤੇ ਲਿਖੇ ਮੈਰਿਜ ਪੈਲਸ ਸ਼ਬਦ ਦੀ ਜਗ੍ਹਾ ਤੇ ਮੈਰਿਜ ਪੈਲਸ/ ਬੈਂਕਿਊਟ ਹਾਲ/ ਉਹ ਜਗ੍ਹਾ ਜਿੱਥੇ ਵਿਆਹ-ਸ਼ਾਦੀ ਦੇ ਫੰਕਸ਼ਨ ਹੁੰਦੇ ਹਨ, w.e.f. 22.05.2014 ਤੋਂ ਹੀ ਲਿਖਵਾਏ ਜਾਣ ਦੀ ਤਜਵੀਜ ਹੈ।

ਉਕਤ ਅਨੁਸਾਰ ਮਾਨਯੋਗ ਹਾਊਸ ਵਿੱਚ ਮਤਾ ਪਾਸ ਕਰਵਾ ਕੇ ਸਰਕਾਰ ਨੂੰ ਮੰਨਜ਼ੂਰੀ ਹਿੱਤ ਭੇਜਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| **ਮਤਾ ਨੰਬਰ 299:** | **ਪ੍ਰਵਾਨ ਹੈ।** |
|---|---|

**ਏਜੰਡਾ ਨੰ: 6:**

ਰਿਪੋਰਟ ਬਿਲਡਿੰਗ ਸ਼ਾਖਾ ਕਿ ਟੀ.ਪੀ. ਸਕੀਮ 3 ਪਾਰਟ 1 ਦਾ ਸਰਵੇ ਕਰਵਾ ਕੇ ਟੀ.ਪੀ. ਸਕੀਮ ਉਪਰ ਸੁਪਰਇੰਪੋਜ਼ ਕਰਨ ਸਬੰਧੀ ਕੇਸ ਹਾਊਸ ਵੱਲੋਂ ਮਿਤੀ 12.07.2021 ਦੀ ਮੀਟਿੰਗ ਵਿੱਚ ਮਤਾ ਨੰਬਰ 31 ਰਾਹੀਂ ਪ੍ਰਵਾਨ ਕੀਤਾ ਜਾ ਚੁੱਕਾ ਹੈ। ਉਕਤ ਸਬੰਧੀ ਸੀਨੀਅਰ ਅਧਿਕਾਰੀਆਂ ਨਾਲ ਵਿਚਾਰਿਆ ਗਿਆ ਕਿ ਟੀ.ਪੀ.ਸਕੀਮ ਦਾ ਸਰਵੇ ਸੈਟੇਲਾਈਟ ਸਰਵੈ ਰਾਹੀਂ Accurate ਹੋ ਸਕਦਾ ਹੈ। ਇਸ ਸਬੰਧੀ ਜੀਓ ਮੀਡਿਆ ਨਾਲ ਮੋਬਾਇਲ ਤੇ ਸੰਪਰਕ ਕੀਤਾ ਗਿਆ। ਉਹਨਾਂ ਦੇ ਦੱਸਣ ਮੁਤਾਬਿਕ ਇਸ ਸਰਵੈ ਤੇ ਤਕਰੀਬਨ 1,30,000/- ਰੁਪਏ ਦਾ ਖਰਚਾ ਆਵੇਗਾ।

ਉਕਤ ਅਨੁਸਾਰ ਟੀ.ਪੀ.ਸਕੀਮ 3 ਦਾ ਸਰਵੈ ਕੀਤਾ ਗਿਆ ਅਤੇ ਮੌਜੂਦਾ ਗਲੀਆਂ ਨੂੰ ਟੀ.ਪੀ. ਸਕੀਮ ਉਪਰ ਸੁਪਰਇੰਪੋਜ਼ ਕਰ ਦਿੱਤਾ ਗਿਆ ਹੈ।

ਮਾਨਯੋਗ ਜਨਰਲ ਹਾਊਸ ਵਿੱਚ ਫੈਸਲਾ ਕੀਤਾ ਗਿਆ ਸੀ ਕਿ ਕੇਸ ਸਰਕਾਰ ਨੂੰ ਭੇਜਿਆ ਜਾਵੇ। ਕੇਸ ਵਿੱਚ ਸੜ੍ਹਕਾਂ ਦਾ ਮਿਲਾਨ ਹੋ ਚੁੱਕਾ ਹੈ। ਇਸ ਸਬੰਧੀ ਆਮ ਜਨਤਾ ਪਾਸੋਂ ਇਤਰਾਜ਼/ਸੁਝਾਅ ਮੰਗੇ ਗਏ ਸਨ। ਮਿਤੀ 22.01.2024 ਤੱਕ ਕੋਈ ਇਤਰਾਜ਼ ਵਾ ਸੁਝਾਅ ਪ੍ਰਾਪਤ ਨਹੀਂ ਹੋਇਆ।

ਜਿਵੇਂ ਕਿ ਸ਼ਾਖਾ ਨੇ ਰਿਪੋਰਟ ਕੀਤੀ ਹੈ ਕਿ ਉਕਤ ਮਿਸਲ ਵਿੱਚ ਕੋਈ ਇਤਰਾਜ਼/ਸੁਝਾਅ ਪ੍ਰਾਪਤ ਨਹੀਂ ਹੋਇਆ। ਇਸ ਵਾਸਤੇ ਅੰਤਿਮ ਨੋਟੀਫਿਕੇਸ਼ਨ ਜਾਰੀ ਕਰਨ ਤੋਂ ਪਹਿਲਾਂ ਕਾਨੂੰਨੀ ਪ੍ਰੋਸੀਜ਼ਰ ਅਡਾਪਟ ਕਰਦਿਆਂ ਮਿਸਲ ਜਨਰਲ ਹਾਊਸ ਪਾਸ ਵਿਚਾਰ ਹਿੱਤ।

| **ਮਤਾ ਨੰਬਰ 300:** | **ਪ੍ਰਵਾਨ ਹੈ।** |
|---|---|

**ਏਜੰਡਾ ਨੰ: 7:**

ਰਿਪੋਰਟ ਸਿਹਤ ਸ਼ਾਖਾ ਕਿ ਸਵੱਛ ਭਾਰਤ ਮਿਸ਼ਨ ਅਤੇ ਸੋਲਿਡ ਵੇਸਟ ਮੈਨੇਜ਼ਮੈਂਟ ਦੇ ਰੂਲਾਂ ਨੂੰ ਢੰਗ ਨਾਲ ਲਾਗੂ ਕਰਨ ਹਿੱਤ ਬਲਕ ਵੇਸਟ ਜਨਰੇਟਰ ਤੋਂ ਕੂੜ੍ਹਾ ਚੁੱਕਣ ਲਈ ਵੱਖਰੀ ਵਿਵਸਥਾ ਕਰਨ ਲਈ 4 ਟ੍ਰੈਕਟਰ ਟਰਾਲੀਆਂ ਨੂੰ ਬਲਕ ਵੇਸਟ ਜਨਰੇਟਰ ਦਾ ਕੂੜ੍ਹਾ ਚੁੱਕਣ ਲਈ ਲਗਾਇਆ ਗਿਆ ਹੈ। ਇਸ ਤੋਂ ਇਲਾਵਾ ਇੱਕ ਟਰਾਲੀ ਨੂੰ ਸ਼ਹਿਰ ਦੀਆਂ ਸੜ੍ਹਕਾਂ ਦੇ ਆਸ-ਪਾਸ ਪਏ ਮਲਬੇ ਨੂੰ ਚੁੱਕਣ ਲਈ ਲਗਾਇਆ ਗਿਆ ਹੈ। 2 ਜੇ.ਸੀ.ਬੀ. 4-4 ਜ਼ੋਨਾਂ ਵਿੱਚ ਵੱਖ-ਵੱਖ ਕੰਮ ਕਰ ਰਹੀਆਂ ਹਨ। ਲੋਡਰ ਨਾਲ ਸ਼ਹਿਰ ਦੇ ਵੱਖ-ਵੱਖ ਆਰਜ਼ੀ ਸੈਕੰਡਰੀ ਪੁਆਇੰਟਾਂ ਤੋਂ ਕੂੜ੍ਹਾ ਚੁੱਕਣ ਦਾ ਕੰਮ ਲਿਆ ਜਾਂਦਾ ਹੈ। ਇਸ ਮਸ਼ੀਨਰੀ ਲੋਡਰ, ਟ੍ਰੈਕਟਰ-ਟਰਾਲੀਆਂ, ਜੇ.ਸੀ.ਬੀ. ਨੂੰ ਚਲਾਉਣ ਲਈ ਡਰਾਈਵਰਾਂ ਅਤੇ ਹੈਲਪਰਾਂ ਦੀ ਜਰੂਰਤ ਹੈ। ਉਕਤ ਸਬੰਧੀ ਨਗਰ ਨਿਗਮ ਬਠਿੰਡਾ ਨੂੰ ਹਾਊਸ ਵੱਲੋਂ ਮਤਾ ਨੰਬਰ 190 ਮਿਤੀ 20.03.2023 ਮੁਬਲਿਗ 26,40,000/- ਰੁਪਏ ਪਾਸ ਕੀਤਾ ਗਿਆ ਸੀ, ਜਿਸਦੀ ਮਿਆਦ ਮਿਤੀ 25.11.2023 ਨੂੰ ਖਤਮ ਹੋ ਗਈ ਹੈ। ਇੱਥੇ ਇਹ ਦਸਣਯੋਗ ਹੈ ਕਿ ਤਖਮੀਨਾ ਇੱਕ ਸਾਲ ਲਈ ਤਿਆਰ ਕੀਤਾ ਗਿਆ ਸੀ। ਪਰ ਡੀ.ਸੀ. ਰੇਟ ਵਿੱਚ ਵਾਧਾ ਹੋਣ ਕਾਰਨ ਅਤੇ ਮਾਨਯੋਗ ਕਮਿਸ਼ਨਰ ਸਾਹਿਬ ਜੀ ਤੋਂ ਪਹਿਲਾਂ ਲਈਆਂ ਗਈਆਂ ਮੰਨਜ਼ੂਰੀਆਂ ਨੂੰ ਅਡਜੱਸਟ ਕਰਨ ਕਾਰਨ ਇਹ ਤਖਮੀਨੇ ਦੀ ਰਾਸ਼ੀ ਸਾਲ ਪੂਰਾ ਹੋਣ ਤੋਂ ਪਹਿਲਾਂ ਹੀ ਖਤਮ ਹੋ ਚੁੱਕੀ ਹੈ। ਉਕਤ ਸਪਲਾਈ ਲੈਣ ਲਈ ਨਵਾਂ ਤਖਮੀਨਾ ਮੁਬਲਿਗ 25,67,462/04 ਰੁਪਏ ਦਾ ਤਿਆਰ ਕੀਤਾ ਗਿਆ ਹੈ। ਇਹ ਕਿ ਹਾਊਸ ਦੀ ਮੀਟਿੰਗ ਵਿੱਚ ਸਮਾਂ ਲੱਗ ਸਕਦਾ ਹੈ। ਪਰ ਸਫਾਈ ਦਾ ਕੰਮ ਜਰੂਰੀ ਸੇਵਾਵਾਂ ਵਿੱਚ ਆਉਂਦਾ ਹੈ। ਇਸ

ਲਈ ਹਾਊਸ ਤੋਂ ਪੂਰਵ ਪ੍ਰਵਾਨਗੀ ਲੈਣ ਦੀ ਜਰੂਰਤ ਹੈ। ਮਿਤੀ 26.11.2023 ਤੋਂ 25.11.2024 ਤੱਕ ਹਾਊਸ ਪਾਸੋਂ ਪੂਰਵ ਪ੍ਰਵਾਨਗੀ ਦੀ ਆਸ ਵਿੱਚ ਮੰਨਜ਼ੂਰੀ ਲੈਣ ਖਾਤਰ ਰਿਪੋਰਟ ਕੀਤੀ ਗਈ ਹੈ।

ਇਸ ਸਬੰਧੀ ਕਾਰਜਕਾਰੀ ਮੇਅਰ-ਕਮ-ਸੀਨੀਅਰ ਡਿਪਟੀ ਮੇਅਰ, ਨਗਰ ਨਿਗਮ ਬਠਿੰਡਾ ਜੀ ਨੇ ਮਿਤੀ 27.12.2023 ਨੂੰ ਹਾਊਸ ਤੋਂ ਪੂਰਵ ਪ੍ਰਵਾਨਗੀ ਦੀ ਆਸ ਵਿੱਚ ਮੰਨਜ਼ੂਰੀ ਦਿੱਤੀ ਗਈ ਹੈ।

ਕੇਸ ਹਾਊਸ ਦੀ ਜਾਣਕਾਰੀ ਹਿੱਤ।

| | |
|---|---|
| **ਮਤਾ ਨੰਬਰ 301:** | **ਪ੍ਰਵਾਨ ਹੈ।** |

**ਏਜੰਡਾ ਨੰ: 8:**

ਰਿਪੋਰਟ ਸਿਹਤ ਸ਼ਾਖਾ ਕਿ ਸ਼ਹਿਰ ਦੀਆਂ ਮੁੱਖ ਸੜ੍ਹਕਾਂ ਤੇ 45 ਸਫਾਈ ਵਰਕਰਾਂ (ਰੋਡ ਗੈਂਗ) ਵੱਲੋਂ ਸਫਾਈ ਕੀਤੀ ਜਾਂਦੀ ਹੈ। ਇਹਨਾਂ ਦੀ ਸਪਲਾਈ ਲੈਣ ਲਈ ਹਾਊਸ ਵਲੋਂ ਮਤਾ ਨੰਬਰ 190 ਮਿਤੀ 20.03.2023 ਮੁਬਲਿਗ 35 ਲੱਖ 18 ਹਜ਼ਾਰ ਰੁਪਏ (06 ਮਹੀਨਿਆਂ ਲਈ) ਪਾਸ ਕੀਤਾ ਗਿਆ ਸੀ। ਇਹ ਕਿ ਇਸਦੀ ਮਿਆਦ ਮਿਤੀ 25.10.2023 ਨੂੰ ਖਤਮ ਹੋ ਚੁੱਕੀ ਹੈ। ਉਕਤ ਕਰਮਚਾਰੀਆਂ ਬਿਨਾਂ ਸ਼ਹਿਰ ਦੀਆਂ ਮੁੱਖ ਸੜ੍ਹਕਾਂ ਦੀ ਸਫਾਈ ਨਹੀਂ ਕਰਵਾਈ ਜਾ ਸਕਦੀ। ਇਸ ਲਈ ਇਹਨਾਂ ਵੱਲੋਂ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ। ਪਿਛਲੇ ਲੰਬੇ ਸਮੇਂ ਤੋਂ ਹਾਊਸ ਦੀ ਮੀਟਿੰਗ ਨਾ ਹੋਣ ਕਾਰਨ ਇਹਨਾਂ ਨੂੰ ਪਿਛਲੇ ਮਹੀਨੇ ਦੀ ਤਨਖਾਹ ਵੀ ਨਹੀਂ ਦਿੱਤੀ ਗਈ। ਉਕਤ 45 ਸਫਾਈ ਵਰਕਰਾਂ ਦੀ 06 ਮਹੀਨੇ ਲਈ ਸਪਲਾਈ ਆਉਟਸੋਰਸ ਪ੍ਰਣਾਲੀ ਰਾਹੀਂ ਲੈਣ ਲਈ ਨਵਾਂ ਤਖਮੀਨਾ ਮੁਬਲਿਗ 34,42,465/- ਰੁਪਏ ਦਾ ਤਿਆਰ ਕੀਤਾ ਗਿਆ ਹੈ। ਇਹ ਕਿ ਇਸ ਸਮੇਂ ਹਾਊਸ ਦੀ ਮੀਟਿੰਗ ਹੋਣ ਦੀ ਆਸ ਨਹੀਂ ਹੈ। ਉਕਤ ਸਫਾਈ ਵਰਕਰਾਂ ਦੀ ਸਪਲਾਈ ਆਉਟਸੋਰਸ ਪ੍ਰਣਾਲੀ ਰਾਹੀਂ ਲੈਣ ਲਈ ਹਾਊਸ ਤੋਂ ਪੂਰਵ ਪ੍ਰਵਾਨਗੀ ਦੀ ਆਸ ਵਿੱਚ ਰਿਪੋਰਟ ਕੀਤੀ ਗਈ ਹੈ।

ਇਸ ਸਬੰਧੀ ਕਾਰਜਕਾਰੀ ਮੇਅਰ-ਕਮ-ਸੀਨੀਅਰ ਡਿਪਟੀ ਮੇਅਰ, ਨਗਰ ਨਿਗਮ ਬਠਿੰਡਾ ਜੀ ਨੇ ਮਿਤੀ 02.01.2024 ਨੂੰ ਹਾਊਸ ਤੋਂ ਪੂਰਵ ਪ੍ਰਵਾਨਗੀ ਦੀ ਆਸ ਵਿੱਚ ਮੰਨਜ਼ੂਰੀ ਦਿੱਤੀ ਗਈ ਹੈ।

ਕੇਸ ਹਾਊਸ ਦੀ ਜਾਣਕਾਰੀ ਹਿੱਤ।

| | |
|---|---|
| **ਮਤਾ ਨੰਬਰ 302:** | **ਪ੍ਰਵਾਨ ਹੈ।** |

**ਏਜੰਡਾ ਨੰ: 9:**

ਰਿਪੋਰਟ ਸਿਹਤ ਸ਼ਾਖਾ ਕਿ ਇਸ ਸਮੇਂ ਨਗਰ ਨਿਗਮ ਬਠਿੰਡਾ ਕੋਲ 07 ਸਵੀਪਿੰਗ ਮਸ਼ੀਨਾਂ ਹਨ, ਜਿੰਨ੍ਹਾਂ ਵਿੱਚੋਂ 01 ਸਵੀਪਿੰਗ ਮਸ਼ੀਨ ਕੰਡਮ ਹਾਲਤ ਵਿੱਚ ਹੈ। 05 ਸਵੀਪਿੰਗ ਮਸ਼ੀਨਾਂ ਕੰਮ ਕਰ ਰਹੀਆਂ ਹਨ ਅਤੇ ਇੱਕ ਸਵੀਪਿੰਗ ਮਸ਼ੀਨ ਖਰਾਬ ਹੋ ਗਈ ਹੈ, ਜਿਸਨੂੰ ਜਲਦੀ ਹੀ ਠੀਕ ਕਰਵਾ ਲਿਆ ਜਾਵੇਗਾ। ਇਸ ਤਰ੍ਹਾਂ ਕੁੱਲ 06 ਸਵੀਪਿੰਗ ਮਸ਼ੀਨਾਂ ਲਗਾਤਾਰ ਕੰਮ ਕਰਨਗੀਆਂ। ਇਹਨਾਂ 06 ਸਵੀਪਿੰਗ ਮਸ਼ੀਨਾਂ ਲਈ 06 ਡਰਾਈਵਰ ਅਤੇ 06 ਹੈਲਪਰਾਂ ਦੀ ਲੋੜ੍ਹ ਹੈ। ਇਸਤੋਂ ਇਲਾਵਾ 01 ਡਰਾਈਵਰ ਅਤੇ 01 ਹੈਲਪਰ ਦੇ ਤੋਰ ਤੇ ਵਾਧੂ ਲੇਬਰ (ਡਰਾਈਵਰ ਅਤੇ ਹੈਲਪਰ) ਦੀ ਲੋੜ੍ਹ ਹੈ, ਕਿਉਂ ਜੋ ਕਿਸੇ ਵੀ ਡਰਾਈਵਰ ਜਾਂ ਹੈਲਪਰ ਦੇ ਛੁੱਟੀ ਲੈਣ ਉਪਰੰਥ ਕੰਮ ਵਿੱਚ ਰੁਕਾਵਟ ਨਾ ਪਵੇ। ਇਸ ਤਰ੍ਹਾਂ ਕੁੱਲ 07 ਡਰਾਈਵਰ ਅਤੇ 07 ਹੈਲਪਰਾਂ ਦੀ ਲੋੜ੍ਹ ਹੈ। ਉਕਤ 07 ਡਰਾਈਵਰਾਂ ਅਤੇ 07 ਹੈਲਪਰਾਂ ਦੀ ਸਪਲਾਈ ਆਉਟਸੋਰਸ ਪ੍ਰਣਾਲੀ ਰਾਹੀਂ ਲਈ ਜਾਣੀ ਹੈ। ਇਹਨਾਂ ਨੂੰ ਦੇਣ ਵਾਲੀਆਂ ਮਹੀਨਾਵਾਰ ਉਜ਼ਰਤਾਂ ਲਈ ਤਖਮੀਨਾ ਤਿਆਰ ਕੀਤਾ ਗਿਆ ਹੈ। ਪਿਛਲੇ ਲੰਬੇ ਸਮੇਂ ਤੋਂ ਹਾਊਸ ਦੀ ਮੀਟਿੰਗ ਨਹੀਂ ਹੋਈ । ਇਸ ਲਈ ਇਹਨਾਂ ਮਸ਼ੀਨਾਂ ਨੂੰ ਚਲਾਉਣ ਲਈ ਸਪਲਾਈ ਟਿੱਪਰਾਂ ਵਾਲੀ ਲੇਬਰ ਵਿੱਚ ਲਈ ਗਈ ਹੈ। ਇਹ ਕਿ ਟਿੱਪਰਾਂ ਦੀ ਸੰਖਿਆ ਵੀ ਵੱਧ ਚੁੱਕੀ ਹੈ। ਉਹਨਾਂ ਤੇ ਵੀ ਜਿਆਦਾ ਲੇਬਰ ਦੀ ਲੋੜ੍ਹ ਹੈ। ਇਸ ਲਈ ਸਵੀਪਿੰਗ ਮਸ਼ੀਨਾਂ ਲਈ ਵੱਖਰੇ ਤੋਰ ਤੇ ਡਰਾਈਵਰਾਂ ਅਤੇ ਹੈਲਪਰਾਂ ਦੀ ਲੋੜ੍ਹ ਹੈ। ਉਕਤ ਲੇਬਰ ਆਉਟਸੋਰਸ ਪ੍ਰਣਾਲੀ ਰਾਹੀਂ ਲੈਣ ਤੇ ਆਉਣ ਵਾਲੇ ਖਰਚੇ 23,41,479/- ਰੁਪਏ ਦੀ ਹਾਊਸ ਤੋਂ ਪ੍ਰਵਾਨਗੀ ਦੀ ਆਸ ਵਿੱਚ ਪੂਰਵ ਪ੍ਰਵਾਨਗੀ ਲਈ ਗਈ ਹੈ।

ਇਸ ਸਬੰਧੀ ਕਾਰਜਕਾਰੀ ਮੇਅਰ-ਕਮ-ਸੀਨੀਅਰ ਡਿਪਟੀ ਮੇਅਰ, ਨਗਰ ਨਿਗਮ ਬਠਿੰਡਾ ਜੀ ਨੇ ਮਿਤੀ 27.12.2023 ਨੂੰ ਹਾਊਸ ਤੋਂ ਪੂਰਵ ਪ੍ਰਵਾਨਗੀ ਦੀ ਆਸ ਵਿੱਚ ਮੰਨਜ਼ੂਰੀ ਦਿੱਤੀ ਗਈ ਹੈ।

ਕੇਸ ਹਾਊਸ ਦੀ ਜਾਣਕਾਰੀ ਹਿੱਤ।

| | |
|---|---|
| **ਮਤਾ ਨੰਬਰ 303:** | **ਪ੍ਰਵਾਨ ਹੈ।** |

**ਏਜੰਡਾ ਨੰ: 10:**

ਰਿਪੋਰਟ ਸਿਹਤ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਵੱਲੋਂ ਸਵੱਛ ਭਾਰਤ ਮਿਸ਼ਨ ਅਧੀਨ ਸਿਹਤ ਸ਼ਾਖਾ ਲਈ ਇੱਕ ਜੇ.ਸੀ.ਬੀ ਖਰੀਦ ਕੀਤੀ ਗਈ ਹੈ। ਇਸ ਮਸ਼ੀਨ ਨੂੰ ਚਲਾਉਣ ਲਈ ਇਸ ਮਸ਼ੀਨ ਤੇ ਇੱਕ ਜੇ.ਸੀ.ਬੀ. ਆਪਰੇਟਰ ਦੀ ਤੈਨਾਤੀ ਕਿਰਤ ਵਿਭਾਗ ਵੱਲੋਂ ਮਿੱਥੀਆਂ ਗਈਆਂ ਉਜ਼ਰਤਾਂ ਅਨੁਸਾਰ ਕੀਤੀ ਗਈ ਸੀ। ਇਸਦੀ ਤੈਨਾਤੀ ਸਮੇਂ ਹਾਊਸ ਦੀ ਮੀਟਿੰਗ ਹੋਣ ਦੀ ਆਸ ਨਹੀਂ ਸੀ। ਇਸ ਲਈ ਉਕਤ ਆਪਰੇਟਰ ਤਿੰਨ ਮਹੀਨੇ ਦੀਆਂ ਮਾਸਿਕ ਉਜ਼ਰਤਾਂ ਅਨੁਸਾਰ ਤਖਮੀਨਾ ਤਿਆਰ ਕਰਕੇ ਮਾਨਯੋਗ ਕਮਿਸ਼ਨਰ ਸਾਹਿਬ ਜੀ ਦੀ ਪ੍ਰਵਾਨਗੀ ਉਪਰੰਤ ਇਸ ਆਪਰੇਟਰ ਦੀ ਤੈਨਾਤੀ ਕੀਤੀ ਗਈ ਸੀ। ਇਹ ਕਿ ਇਹ ਤਖਮੀਨੇ ਦੀ ਸਮਾਂ ਮਿਆਦ ਖਤਮ ਹੋ ਗਈ ਹੈ। ਇਸਤੋਂ ਇਲਾਵਾ ਇੱਕ ਹੋਰ ਜੇ.ਸੀ.ਬੀ. ਲਈ ਆਪਰੇਟਰ ਦੀ ਲੋੜ੍ਹ ਹੈ। ਜਿਸਦੇ ਆਪਰੇਟਰ ਦੀ ਸਪਲਾਈ ਟਿਪਰ ਲੇਬਰ ਦੀ ਜਗ੍ਹਾ ਤੇ ਲਈ ਗਈ ਸੀ। ਟਿੱਪਰਾਂ ਦੀ ਸੰਖਿਆ ਵਿੱਚ ਵਾਧਾ ਹੋਣ ਕਾਰਨ ਟਿੱਪਰਾਂ ਤੇ ਵੀ ਜਿਆਦਾ ਲੇਬਰ ਦੀ ਲੋੜ੍ਹ ਹੈ।

ਦੋਨੋ ਜੇ.ਸੀ.ਬੀ. ਚਲਾਉਣ ਲਈ 02 ਜੇ.ਸੀ.ਬੀ. ਆਪਰੇਟਰਾਂ ਦੀ ਲੋੜ ਹੈ। ਕਿਉਂਕਿ ਸੈਨੀਟੇਸ਼ਨ ਸ਼ਾਖਾ ਦਾ ਕੰਮ ਜਰੂਰੀ ਸੇਵਾਵਾਂ ਵਿੱਚ ਆਉਣਾ ਹੈ। ਹਾਊਸ ਦੀ ਮੀਟਿੰਗ ਜਲਦੀ ਹੋਣ ਦੀ ਆਸ ਨਹੀਂ ਹੈ। ਇਸ ਲਈ ਲੋਕ ਹਿੱਤ ਵਿੱਚ ਕੰਮ ਦੀ ਮਹਤੱਤਾ ਨੂੰ ਮੁੱਖ ਦੇਖਦੇ ਹੋਏ ਅਗਲੇ 06 ਮਹੀਨਿਆਂ ਲਈ ਨਵਾਂ ਤਖਮੀਨਾ ਤਿਆਰ ਕੀਤਾ ਗਿਆ ਹੈ। ਇਸ ਤੋਂ ਬਾਅਦ ਇੱਕ ਸਾਲ ਲਈ ਦੋਨੋ ਜੇ.ਸੀ.ਬੀ. ਮਸ਼ੀਨਾਂ ਤੇ ਜੇ.ਸੀ.ਬੀ ਆਪਰੇਟਰ ਤੈਨਾਤ ਕਰਨ ਲਈ ਤਖਮੀਨਾ ਪ੍ਰਵਾਨਗੀ ਲਈ ਹਾਊਸ ਦੀ ਆਗਾਮੀ ਮੀਟਿੰਗ ਵਿੱਚ ਭੇਜ ਦਿੱਤਾ ਜਾਵੇਗਾ। 06 ਮਹੀਨੇ ਦੋਨੋ ਜੇ.ਸੀ.ਬੀ. ਮਸ਼ੀਨਾਂ ਤੇ 02 ਜੇ.ਸੀ.ਬੀ. ਆਪਰੇਟਰ ਤੈਨਾਤ ਕਰਨ ਤੇ ਉਸ ਦੀਆਂ ਮਾਸਿਕ ਉਜ਼ਰਤਾਂ ਤੇ ਕੁੱਲ 1,91,602/08 ਰੁਪਏ ਖਰਚ ਆਉਣ ਦੀ ਸੰਭਾਵਨਾਂ ਹੈ। ਇਸ ਸਬੰਧੀ ਮਿਤੀ 26.11.2023 ਤੋਂ 25.05.2024 ਤੱਕ ਹਾਊਸ ਤੋਂ ਪੂਰਵ ਪ੍ਰਵਾਨਗੀ ਦੀ ਆਸ ਵਿੱਚ ਰਿਪੋਰਟ ਕੀਤੀ ਗਈ ਹੈ।

ਇਸ ਸਬੰਧੀ ਕਾਰਜਕਾਰੀ ਮੇਅਰ-ਕਮ-ਸੀਨੀਅਰ ਡਿਪਟੀ ਮੇਅਰ, ਨਗਰ ਨਿਗਮ ਬਠਿੰਡਾ ਜੀ ਨੇ ਮਿਤੀ 03.01.2024 ਨੂੰ ਹਾਊਸ ਤੋਂ ਪੂਰਵ ਪ੍ਰਵਾਨਗੀ ਦੀ ਆਸ ਵਿੱਚ ਮੰਨਜ਼ੂਰੀ ਦਿੱਤੀ ਗਈ ਹੈ।

ਕੇਸ ਹਾਊਸ ਦੀ ਜਾਣਕਾਰੀ ਹਿੱਤ।

| | |
|---|---|
| ਮਤਾ ਨੰਬਰ 304: | ਪ੍ਰਵਾਨ ਹੈ। |

**ਆਖੀਰ ਵਿੱਚ ਮੀਟਿੰਗ ਧੰਨਵਾਦ ਨਾਲ ਖਤਮ ਕੀਤੀ ਗਈ।**

**ਕਾਰਜਕਾਰੀ ਮੇਅਰ**
**-ਕਮ-ਸੀਨੀਅਰ ਡਿਪਟੀ ਮੇਅਰ**
**ਨਗਰ ਨਿਗਮ,ਬਠਿੰਡਾ।**